PAIGAM-E-JAGAT
# ਪੈਗਾਮ-ਏ-ਜਗਤ

> "ਜੇ ਵਿਅਕਤੀ ਨੇ ਕਦੇ ਕੋਈ ਗਲਤੀ ਨਹੀਂ ਕੀਤੀ ਤਾਂ ਉਸਨੇ ਕਦੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਦੋਂ ਅਸੀਂ ਕੁਝ ਨਵਾਂ ਕਰਦੇ ਹਾਂ ਤਾਂ ਗਲਤੀਆਂ ਕੁਦਰਤੀ ਹੁੰਦੀਆਂ ਹਨ।" -ਐਲਬਰਟ ਆਈਨਸਟਾਈਨ

Title code : CHAMUL00914 | E-mail : Info@paigamejagat.com | 8 ਤੋਂ 14 ਅਕਤੂਬਰ, 2026, ਸਾਲ-4, ਅੰਕ-10, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

## ਸੀਐਮ ਤੋਂ ਪੀਐਮ ਤੱਕ ਨਰਿੰਦਰ ਮੋਦੀ ਦੇ 25 ਸਾਲ ਪੂਰੇ

### ਕਿਹਾ- 'ਇਹ ਆਰਾਮ ਕਰਨ ਦਾ ਸਮਾਂ ਨਹੀਂ'

**ਨਵੀਂ ਦਿੱਲੀ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਆਪਣੇ ਜਨਤਕ ਜੀਵਨ ਦੇ 25 ਸਾਲ ਪੂਰੇ ਕੀਤੇ।



ਇਸ ਮੌਕੇ ਦਿੱਲੀ ਦੇ ਇੰਦਰਾ ਗਾਂਧੀ ਸਟੇਡੀਅਮ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਉਨ੍ਹਾਂ ਆਪਣੇ ਲੰਬੇ ਸਿਆਸੀ ਸਫ਼ਰ ਅਤੇ ਤਜ਼ਰਬਿਆਂ ਦਾ ਜ਼ਿਕਰ ਕੀਤਾ। ਮੋਦੀ ਨੇ ਕਿਹਾ ਕਿ ਉਹ 'ਐਂਬੀਸ਼ਨ ਨਹੀਂ, ਮਿਸ਼ਨ ਲਈ ਜੀਣ ਵਾਲੇ ਇਨਸਾਨ' ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਦੇ ਇਹ ਨਹੀਂ ਸੋਚਿਆ ਸੀ ਕਿ ਜੀਵਨ ਵਿੱਚ ਕੀ ਬਣਨਾ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਡਿਗਾਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਤੋਂ ਹੀ ਉਨ੍ਹਾਂ ਨੇ ਮੁੜ ਖੜ੍ਹੇ ਹੋਣਾ ਸਿੱਖਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੇ ਉਨ੍ਹਾਂ ਨੂੰ ਲੋਕਤੰਤਰ ਦੀ ਤਾਕਤ ਸਮਝਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਇਹ ਅਰਦਾਸ ਕੀਤੀ ਕਿ ਜ਼ਿੰਦਗੀ ਵਿੱਚ ਸਿੱਖਣ ਦੀ ਪ੍ਰਕਿਰਿਆ ਕਦੇ ਖ਼ਤਮ ਨਾ ਹੋਵੇ। ਮੋਦੀ ਨੇ ਆਪਣੇ ਪਿਛਲੇ 25 ਸਾਲਾਂ ਨੂੰ ਯਾਦ ਕਰਦਿਆਂ ਕਿਹਾ (ਬਾਕੀ 3 ਤੇ)

## ਲੁਧਿਆਣਾ 'ਚ ਸਕੂਲ ਬੱਸ ਨੇ ਵਿਦਿਆਰਥਣ ਨੂੰ ਮਾਰੀ ਟੱਕਰ

**ਲੁਧਿਆਣਾ :** ਲੁਧਿਆਣਾ ਵਿੱਚ ਇੱਕ ਤੇਜ਼ ਰਫ਼ਤਾਰ ਸਕੂਲ ਬੱਸ ਨੇ ਸਾਈਕਲ ਸਵਾਰ ਵਿਦਿਆਰਥਣ ਨੂੰ ਕੁਚਲ ਦਿੱਤਾ। ਲੜਕੀ ਸਕੂਲ ਤੋਂ ਸਾਈਕਲ 'ਤੇ ਘਰ ਵਾਪਸ ਜਾ ਰਹੀ ਸੀ, ਉਦੋਂ ਹੀ ਬੱਸ ਡਰਾਈਵਰ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਲੜਕੀ ਬੱਸ ਦੇ ਹੇਠਾਂ ਆ ਗਈ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਜ਼ਖ਼ਮੀ ਬੱਚੀ ਨੂੰ ਦੇਖਦਿਆਂ ਹੀ ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਇਆ, ਜਿੱਥੇ ਬੱਚੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਦੂਜੇ ਪਾਸੇ, ਪੁਲਿਸ ਦਾ ਕਹਿਣਾ ਹੈ ਕਿ ਅਜੇ ਬੱਚੀ ਦੇ ਮਾਤਾ-ਪਿਤਾ ਵੱਲੋਂ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਸ਼ਿਕਾਇਤ ਤੋਂ ਬਾਅਦ ਮਾਮਲਾ ਦਰਜ ਕਰਕੇ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਬੱਸ ਡਰਾਈਵਰ ਫਰਾਰ ਹੈ। ਘਟਨਾ ਦੀ ਸੀ.ਸੀ.ਟੀ.ਵੀ. ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ ਕਿ ਬੱਸ ਦੇ ਅੱਗੇ ਬੱਚੀ ਸਾਈਕਲ 'ਤੇ ਜਾ ਰਹੀ ਹੈ।

### ਧੂਰੀ 'ਚ ਗੱਲਬਾਤ ਦੌਰਾਨ ਭਾਜਪਾ 'ਤੇ ਸੇਧਿਆ ਨਿਸ਼ਾਨਾ

## ਭਾਜਪਾ ਦਾ ਕੰਮ ਕਰਨ ਦਾ ਇਹੋ ਤਰੀਕਾ, 7-8 ਘੰਟਿਆਂ 'ਚ ਕੁਝ ਨਹੀਂ ਮਿਲਿਆ: ਭਗਵੰਤ ਮਾਨ

### 'ਪੰਜਾਬ ਦੇ ਲੋਕ ਕੇਂਦਰ ਦੀਆਂ ਧੱਕੇਸ਼ਾਹੀਆਂ ਅੱਗੇ ਨਹੀਂ ਝੁਕਣਗੇ'

**ਚੰਡੀਗੜ੍ਹ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਕੇਂਦਰੀ ਜਾਂਚ ਬਿਊਰੋ ਵੱਲੋਂ ਆਪਣੇ ਵਿਸ਼ੇਸ਼ ਕਾਰਜ ਅਧਿਕਾਰੀ ਦੇ ਘਰ ਛਾਪੇਮਾਰੀ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਬੁੱਧਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਵਿਰੋਧੀਆਂ 'ਤੇ ਛਾਪੇਮਾਰੀ ਕਰਵਾਉਣਾ ਭਾਰਤੀ ਜਨਤਾ ਪਾਰਟੀ ਦੇ 'ਕੰਮ ਕਰਨ ਦਾ ਤਰੀਕਾ' ਹੈ। ਉਨ੍ਹਾਂ ਦਾਅਵਾ ਕੀਤਾ ਕਿ 7-8 ਘੰਟੇ ਚੱਲੀ ਇਸ ਤਲਾਸ਼ੀ ਦੌਰਾਨ ਕੇਂਦਰੀ ਏਜੰਸੀ ਨੂੰ ਕੁਝ ਵੀ ਇਤਰਾਜ਼ਯੋਗ ਜਾਂ ਸ਼ੱਕੀ ਨਹੀਂ ਮਿਲਿਆ ਹੈ।



ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੀਬੀਆਈ ਨੇ ਮੰਗਲਵਾਰ ਨੂੰ ਮੁੱਖ ਮੰਤਰੀ ਦੇ ਓਐੱਸਡੀ ਅਤੇ ਹੋਰ ਅਧਿਕਾਰੀਆਂ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ। ਇਸ ਤੋਂ ਬਾਅਦ ਏਜੰਸੀ ਨੇ ਮੁੱਖ ਮੰਤਰੀ ਦੇ 'ਕੈਂਪ ਦਫ਼ਤਰ' ਸਮੇਤ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਸੀ। ਹਾਈ ਕੋਰਟ ਨੇ ਕੇਂਦਰੀ ਏਜੰਸੀ ਨੂੰ ਜਾਂਚ ਦੇ ਨਿਰਦੇਸ਼ ਦਿੰਦਿਆਂ ਨੋਟ ਕੀਤਾ ਸੀ ਕਿ ਈਡੀ ਵੱਲੋਂ ਸਾਂਝੀ ਕੀਤੀ ਗਈ ਸਮੱਗਰੀ ਪਹਿਲੀ ਨਜ਼ਰੇ ਅਧਿਕਾਰੀਆਂ ਦੀ ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਵੱਲ ਇਸ਼ਾਰਾ ਕਰਦੀ ਹੈ।

ਸੰਗਰੂਰ ਦੇ ਹਲਕਾ ਧੂਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਭਾਜਪਾ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਲੱਗ ਜਾਂਦੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਵਿਰੋਧੀ ਧਿਰ ਦੇ ਆਗੂਆਂ, ਉਨ੍ਹਾਂ ਦੇ ਸਾਥੀਆਂ ਜਾਂ ਪਰਿਵਾਰਕ ਮੈਂਬਰਾਂ 'ਤੇ ਛਾਪੇਮਾਰੀ ਕਰਵਾ ਕੇ ਉਨ੍ਹਾਂ (ਬਾਕੀ 3 ਤੇ)

## ਭਗਵੰਤ ਮਾਨ ਨੇ ਧੂਰੀ ਵਾਸੀਆਂ ਨੂੰ ਦਿੱਤਾ ਵਾਟਰ ਟਰੀਟਮੈਂਟ ਪਲਾਂਟ ਦਾ ਤੋਹਫ਼ਾ




**ਧੂਰੀ :** ਸੰਗਰੂਰ ਜ਼ਿਲ੍ਹੇ ਅਧੀਨ ਆਉਂਦੇ ਧੂਰੀ ਵਾਸੀਆਂ ਨੂੰ 47 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 14 ਐਮ.ਐਲ.ਡੀ. ਸਮਰੱਥਾ ਦੇ ਵਾਟਰ ਟਰੀਟਮੈਂਟ ਪਲਾਂਟ ਦਾ ਵੱਡਾ ਤੋਹਫ਼ਾ ਦਿੱਤਾ। ਹੁਣ ਨਹਿਰੀ ਪਾਣੀ ਨੂੰ ਬਿਲਕੁਲ ਪੀਣ ਯੋਗ ਬਣਾ ਕੇ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਸਾਡੀ ਸਰਕਾਰ ਨੇ ਨਹਿਰੀ ਪਾਣੀ ਦੀ ਵਰਤੋਂ ਨੂੰ 22% ਤੋਂ ਵਧਾ ਕੇ 88% ਤੱਕ ਪਹੁੰਚਾਇਆ ਹੈ, ਜਿਸ ਨਾਲ ਫ਼ਸਲਾਂ ਦੇ ਝਾੜ 'ਚ ਵੀ ਵਾਧਾ ਹੋਇਆ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਬਚ ਰਿਹਾ ਹੈ। ਅੱਜ ਤੋਂ ਅਸੀਂ ਲਾਲ ਡੋਰੇ ਵਾਲੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਦੇਣ ਦਾ ਕੰਮ ਵੀ ਸ਼ੁਰੂ ਕਰ (ਬਾਕੀ 3 ਤੇ)

## ਅੰਮ੍ਰਿਤਸਰ ਪੁਲਿਸ ਨੇ 8 ਮੁਲਜ਼ਮਾਂ ਨੂੰ ਗੈਰਕਾਨੂੰਨੀ ਹਥਿਆਰਾਂ ਸਣੇ ਕੀਤਾ ਕਾਬੂ

### ਮੁਲਜ਼ਮਾਂ ਕੋਲੋਂ 15 ਪਿਸਤੌਲ ਅਤੇ 15 ਜ਼ਿੰਦਾ ਕਾਰਤੂਸ ਕੀਤੇ ਬਰਾਮਦ

**ਅੰਮ੍ਰਿਤਸਰ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਗ਼ੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਤਿੰਨ ਨੈੱਟਵਰਕਾਂ ਦਾ ਪਰਦਾਫਾਸ਼ ਕਰਕੇ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 15 ਨਾਜਾਇਜ਼ ਪਿਸਤੌਲ ਅਤੇ 15 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।




ਮੁੱਢਲੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਇਹ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਬੈਠੇ ਹਥਿਆਰਾਂ ਦੇ ਤਸਕਰਾਂ ਨਾਲ ਜੁੜੇ ਹੋਏ ਸਨ ਅਤੇ ਅਪਰਾਧਿਕ ਅਨਸਰਾਂ ਨੂੰ ਸਪਲਾਈ ਕਰਨ ਲਈ ਗ਼ੈਰ-ਕਾਨੂੰਨੀ ਹਥਿਆਰ ਮੰਗਵਾਉਂਦੇ ਸਨ। ਜਾਂਚ ਦੌਰਾਨ ਇਸ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਨੈੱਟਵਰਕ ਨਾਲ ਜੁੜੇ ਹੋਰ ਸਾਥੀਆਂ ਨਾਲ ਵੀ ਮੁਲਜ਼ਮਾਂ ਦੇ ਸੰਬੰਧ ਸਾਹਮਣੇ ਆਏ ਹਨ। ਇਸ ਸਬੰਧੀ ਥਾਣਾ ਕੈਂਟ, ਇਸਲਾਮਾਬਾਦ ਅਤੇ ਛੇਹਰਟਾ, ਅੰਮ੍ਰਿਤਸਰ ਵਿਖੇ ਵੱਖ-ਵੱਖ ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ। ਇਸ ਪੂਰੇ ਨੈੱਟਵਰਕ ਦੇ ਅਗਲੇ ਅਤੇ ਪਿਛਲੇ ਸਬੰਧਾਂ ਦਾ ਪਤਾ ਕਰਨ ਅਤੇ ਸ਼ਾਮਲ ਹੋਰ (ਬਾਕੀ 3 ਤੇ)

### ਪੰਜਾਬ 'ਚ ਤਿਉਹਾਰਾਂ ਤੋਂ ਪਹਿਲਾਂ ਵੱਡੀ ਅੱਤਵਾਦੀ ਸਾਜ਼ਿਸ਼ ਨਾਕਾਮ

## ਪਾਕਿਸਤਾਨ ਨਾਲ ਜੁੜੇ ਦੋ ਵਿਅਕਤੀ ਚਾਰ ਗ੍ਰਨੇਡਾਂ ਸਮੇਤ ਗ੍ਰਿਫ਼ਤਾਰ

**ਤਰਨਤਾਰਨ।** ਤਿਉਹਾਰਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਲਚਲ ਪੈਦਾ ਕਰਨ ਦੀ ਇੱਕ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਸੀ.ਆਈ.ਏ. ਦੀ ਇੱਕ ਟੀਮ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਜੁੜੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ ਚਾਰ ਗ੍ਰਨੇਡ ਬਰਾਮਦ ਕੀਤੇ ਗਏ ਹਨ। ਖਾਲੜਾ ਥਾਣੇ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਬਾਕੀ ਸਾਥੀਆਂ ਦਾ ਪਤਾ ਲਗਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਗ੍ਰਨੇਡਾਂ ਦੀ ਵਰਤੋਂ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਲਈ ਕੀਤੀ ਜਾਣੀ ਸੀ। ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਰੁਪਿੰਦਰਪਾਲ ਸਿੰਘ ਨੇ ਖੁਫੀਆ (ਬਾਕੀ 3 ਤੇ)

## ਪਠਾਨਕੋਟ ਪੁਲਿਸ ਲਾਈਨ 'ਚ ਗੋਲੀ ਚੱਲਣ ਨਾਲ ਮੁੰਸ਼ੀ ਦੀ ਮੌਤ

**ਪਠਾਨਕੋਟ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਪਠਾਨਕੋਟ ਪੁਲਿਸ ਲਾਈਨ 'ਚ ਬੁੱਧਵਾਰ ਸਵੇਰੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਹਥਿਆਰ ਸਾਫ਼ ਕਰਦੇ ਸਮੇਂ ਅਚਾਨਕ ਗੋਲੀ ਚੱਲ ਗਈ। ਗੋਲੀ ਲੱਗਣ ਕਾਰਨ ਪੁਲਿਸ ਲਾਈਨ 'ਚ ਨਾਈਟ ਡਿਊਟੀ ਤੇ ਤਾਇਨਾਤ ਮੁੰਸ਼ੀ ਰਾਮ ਸਿੰਘ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਰਾਤ ਦੀ ਡਿਊਟੀ ਖ਼ਤਮ ਹੋਣ ਤੋਂ ਬਾਅਦ ਮੁਲਾਜ਼ਮ ਆਪਣਾ ਅਸਲਾ ਪੁਲਿਸ ਲਾਈਨ 'ਚ ਜਮਹਾਂ ਕਰਵਾ ਰਹੇ ਸਨ। ਇਸ ਦੌਰਾਨ ਮੁੰਸ਼ੀ ਰਾਮ ਸਿੰਘ ਆਪਣੀ ਏਕੇ-47 ਸਾਫ਼ ਕਰ ਰਿਹਾ ਸੀ।



ਹਥਿਆਰ ਦੀ ਸਫ਼ਾਈ ਦੌਰਾਨ ਅਚਾਨਕ ਗੋਲੀ ਚੱਲ ਗਈ, ਜੋ ਉਸ ਨੂੰ ਲੱਗ ਗਈ। ਗੰਭੀਰ ਜ਼ਖ਼ਮੀ ਹੋਣ ਕਾਰਨ ਉਸ ਦੀ ਮੌਤ ਹੋ ਗਈ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚੇ ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਥਾਣਾ (ਬਾਕੀ 3 ਤੇ)

## ਯੂ.ਪੀ. ਵਿਚ 4 ਖਿਡਾਰੀਆਂ ਦੀ ਹਾਦਸੇ ਵਿਚ ਮੌਤ, ਟਰੱਕ ਨਾਲ ਟਕਰਾਈ ਕਾਰ

### ਮੈਚ ਖੇਡ ਕੇ ਲਖਨਊ ਤੋਂ ਦੇਵਰੀਆ ਜਾ ਰਹੇ ਸਨ ਮ੍ਰਿਤਕ

**ਸੁਲਤਾਨਪੁਰ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿਚ ਅੱਜ ਸਵੇਰੇ ਇਕ ਭਿਆਨਕ ਹਾਦਸਾ ਵਾਪਰਿਆ। ਪੂਰਵਾਂਚਲ ਐਕਸਪ੍ਰੈਸਵੇਅ 'ਤੇ ਤੇਜ਼ ਰਫ਼ਤਾਰ ਕਾਰ ਆਪਣੇ ਅੱਗੇ ਜਾ ਰਹੇ ਇੱਕ ਟਰੱਕ ਨਾਲ ਟਕਰਾ ਗਈ। ਇਸ ਹਾਦਸੇ ਵਿਚ ਕਾਰ ਵਿੱਚ ਸਵਾਰ ਚਾਰ ਖਿਡਾਰੀਆਂ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।



ਯੂ.ਪੀ.ਈ.ਆਈ.ਡੀ.ਏ. ਦੇ ਸੁਰੱਖਿਆ ਕਰਮਚਾਰੀਆਂ ਨੇ ਜ਼ਖ਼ਮੀ ਖਿਡਾਰੀਆਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ। ਕਾਰ ਸਵਾਰ ਸਾਰੇ ਲਖਨਊ ਵਿਚ ਇਕ ਮੈਚ ਖੇਡਣ ਤੋਂ (ਬਾਕੀ 3 ਤੇ)

## ਸੀਬੀਆਈ ਟੀਮ ਦਾ ਸਵਾਗਤ ਕਰਨਾ ਪੁਲੀਸ ਨੂੰ ਪਿਆ ਭਾਰੀ; ਐੱਸਐੱਚਓ ਮੁਅੱਤਲ

**ਪਟਿਆਲਾ** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਸ਼ੇਸ਼ ਕਾਰਜ ਅਧਿਕਾਰੀ ਰਾਜਬੀਰ ਸਿੰਘ ਘੁੰਮਣ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਘਰਾਚੋਂ ਸਥਿਤ ਘਰ 'ਤੇ ਕੇਂਦਰੀ ਜਾਂਚ ਬਿਊਰੋ ਵੱਲੋਂ ਮਾਰੇ ਛਾਪੇ ਤੋਂ ਬਾਅਦ ਹਲਚਲ ਤੇਜ਼ ਹੋ ਗਈ ਹੈ। ਸੀਬੀਆਈ ਟੀਮ ਦੇ ਪੁੱਜਣ 'ਤੇ ਪਿੰਡ ਵਾਸੀਆਂ ਵੱਲੋਂ ਫੁੱਲਾਂ ਨਾਲ ਸਵਾਗਤ ਕਰਨ ਅਤੇ ਮਠਿਆਈ ਵੰਡਣ ਦੀ ਘਟਨਾ ਤੋਂ ਕੁਝ ਘੰਟਿਆਂ ਬਾਅਦ ਹੀ ਸੰਗਰੂਰ ਪੁਲੀਸ ਨੇ ਇੱਕ ਐੱਸਐੱਚਓ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਕੁੱਝ ਵਿਅਕਤੀਆਂ ਨੂੰ ਹਿਰਾਸਤ (ਬਾਕੀ 2 ਤੇ)

## 2 ਰੁਪਏ ਮਹਿੰਗੀ ਹੋਈ ਸੀ.ਐਨ.ਜੀ. ਤੇ ਪੀ.ਐਨ.ਜੀ.

**ਨਵੀਂ ਦਿੱਲੀ:** ਅੱਜ ਸੀਐਨਜੀ ਅਤੇ ਪੀਐਨਜੀ ਦੋਵਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਦੋਵਾਂ ਦੀਆਂ ਕੀਮਤਾਂ ਵਿੱਚ ਲਗਭਗ 2 ਦਾ ਵਾਧਾ ਕੀਤਾ ਗਿਆ ਹੈ। ਹਾਲਾਂਕਿ, ਇਹ ਕੀਮਤ ਵਾਧਾ ਜੈਪੁਰ ਵਿੱਚ ਹੋਇਆ ਹੈ, ਦੇਸ਼ ਭਰ ਵਿੱਚ ਨਹੀਂ। ਟੋਰੈਂਟ ਗੈਸ ਨੇ ਜੈਪੁਰ ਸ਼ਹਿਰ ਵਿੱਚ ਸੀਐਨਜੀ ਅਤੇ ਪੀਐਨਜੀ ਦੋਵਾਂ ਦੀਆਂ ਕੀਮਤਾਂ ਵਿੱਚ 2 ਦਾ ਵਾਧਾ ਕੀਤਾ ਹੈ, ਅਤੇ ਨਵੀਆਂ ਦਰਾਂ ਅੱਜ (7 ਅਕਤੂਬਰ, 2026) ਤੋਂ ਲਾਗੂ ਹੋ ਗਈਆਂ ਹਨ। ਇਸ ਕੀਮਤ ਵਾਧੇ ਦੇ ਨਾਲ, ਜੈਪੁਰ ਵਿੱਚ ਸੀਐਨਜੀ ਗੈਸ (ਬਾਕੀ 3 ਤੇ)

**ਸੀ.ਐਨ.ਜੀ. ਗੈਸ ਦੀ ਕੀਮਤ 97.50 ਰੁਪਏ ਤੋਂ ਵੱਧ ਕੇ ਹੋਈ 99.50 ਰੁਪਏ ਪ੍ਰਤੀ ਕਿਲੋ**

## ਲੱਕੀ ਪਟਿਆਲ ਗੈਂਗ ਦੇ 5 ਮੈਂਬਰ ਹਥਿਆਰਾਂ ਸਮੇਤ ਗ੍ਰਿਫ਼ਤਾਰ

### ਗੈਂਗਸਟਰ ਵੱਲੋਂ ਟਾਰਗੇਟ ਕਿਲਿੰਗ ਦੇ ਦਿੱਤੇ ਗਏ ਸਨ ਨਿਰਦੇਸ਼



**ਨਵਾਂਸ਼ਹਿਰ।** ਪੰਜਾਬ 'ਚ ਆਪ੍ਰੇਸ਼ਨ ਪ੍ਰਹਾਰ ਤਹਿਤ ਨਵਾਂਸ਼ਹਿਰ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ। ਸੀਆਈਏ ਟੀਮ ਤੇ ਉੱਚ ਪੁਲਿਸ ਅਧਿਕਾਰੀਆਂ ਦੀ ਅਗਵਾਈ ਹੇਠ ਪੁਲਿਸ ਨੇ ਲੱਕੀ ਪਟਿਆਲ ਗੈਂਗ ਨਾਲ ਜੁੜੇ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਕਰਨ ਰਾਮ ਉਰਫ਼ ਅੱਲਾ ਬੰਗਾ ਸਦਰ, ਸਤਨਾਮ ਉਰਫ਼ ਸਾਬੀ ਮੇਹਟੀਆਣਾ (ਹੁਸ਼ਿਆਰਪੁਰ), ਤਰਲੋਚਨ ਬਹਿਰਾਮ (ਨਵਾਂਸ਼ਹਿਰ), ਗੁਰਦੀਪ ਸਿੰਘ ਗੜ੍ਹਪਦਾਨਾ ਤੇ ਕਰਨ ਕੁਮਾਰ ਵਾਸੀ ਫਰਾਲਾ (ਨਵਾਂਸ਼ਹਿਰ) ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ .30 ਬੋਰ ਦਾ ਇੱਕ ਪਿਸਤੌਲ, .30 ਬੋਰ ਦਾ ਇੱਕ ਵਿਦੇਸ਼ੀ ਪਿਸਤੌਲ ਸਮੇਤ 10 ਜ਼ਿੰਦਾ ਕਾਰਤੂਸ ਤੇ .32 ਬੋਰ ਦਾ ਇੱਕ ਦੇਸੀ ਪਿਸਤੌਲ ਸਮੇਤ 3 ਜ਼ਿੰਦਾ ਕਾਰਤੂਸ ਬਰਾਮਦ (ਬਾਕੀ 3 ਤੇ)

## ਲੈਂਗਲੀ 'ਚ ਪੰਜਾਬੀ ਦੀ ਹੱਤਿਆ; ਦੋ ਪੰਜਾਬੀ ਹਥਿਆਰਾਂ ਦੀ ਖੇਪ ਸਮੇਤ ਕਾਬੂ

### ਵਾਰਦਾਤ ਤੋਂ ਬਾਅਦ ਸ਼ੱਕੀ ਕਾਰ ਨੂੰ ਲਾਈ ਅੱਗ ; ਛਾਪੇਮਾਰੀ ਦੌਰਾਨ 13 ਮਾਰੂ ਹਥਿਆਰ ਤੇ 20 ਹਜ਼ਾਰ ਕਾਰਤੂਸ ਬਰਾਮਦ

**ਵੈਨਕੂਵਰ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਇੱਥੋਂ ਨੇੜਲੇ ਸ਼ਹਿਰ ਲੈਂਗਲੀ ਵਿੱਚ ਅਣਪਛਾਤਿਆਂ ਵੱਲੋਂ ਇੱਕ ਪੰਜਾਬੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। ਦੂਜੇ ਪਾਸੇ, ਵਿੰਨੀਪੈਗ ਨੇੜੇ ਪੁਲੀਸ ਨੇ ਦੋ ਪੰਜਾਬੀਆਂ ਨੂੰ ਨਜਾਇਜ਼ ਹਥਿਆਰਾਂ, ਕਾਰਤੂਸਾਂ ਦੀ ਵੱਡੀ ਖੇਪ ਅਤੇ ਨਕਦੀ ਸਮੇਤ ਬਰਾਮਦ ਕੀਤਾ ਹੈ। ਲੈਂਗਲੀ ਵਿੱਚ ਮਾਰੇ ਗਏ ਵਿਅਕਤੀ ਦੀ ਪਛਾਣ ਪੁਲੀਸ ਨੇ ਅਜੇ ਤੱਕ ਜਾਰੀ ਨਹੀਂ ਕੀਤੀ ਹੈ, ਪਰ ਇਹ ਪੁਸ਼ਟੀ ਹੋ ਗਈ ਹੈ ਕਿ (ਬਾਕੀ 3 ਤੇ)




## ਤਰਨ ਤਾਰਨ ਸੜਕ ਹਾਦਸੇ ਦੌਰਾਨ 3 ਨਾਬਾਲਗਾਂ ਦੀ ਮੌਤ

- ਜੋੜ ਮੇਲਾ ਦੇਖਣ ਜਾਂਦਿਆਂ ਵਾਪਰਿਆ ਹਾਦਸਾ
- ਐਕਟਿਵਾ ਤੇ ਮੋਟਰਸਾਈਕਲ ਦੀ ਟੱਕਰ; ਮ੍ਰਿਤਕਾਂ ਦੀ ਉਮਰ 14 ਤੋਂ 16 ਸਾਲ ਵਿਚਕਾਰ



**ਭਿੱਖੀਵਿੰਡ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਜੋੜ ਮੇਲੇ ਤੋਂ ਪਹਿਲਾਂ ਭਿੱਖੀਵਿੰਡ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਤਿੰਨ ਨਾਬਾਲਗਾਂ ਦੀ ਦਰਦਨਾਕ ਮੌਤ ਹੋ ਗਈ। ਇਹ ਹਾਦਸਾ ਬੁੱਧਵਾਰ ਤੜਕਸਾਰ ਕਰੀਬ ਦੋ ਵਜੇ ਬੀਐੱਸਐੱਫ ਕੈਂਪ ਭਿੱਖੀਵਿੰਡ ਨੇੜੇ ਵਾਪਰਿਆ, ਜਿੱਥੇ ਇੱਕ ਐਕਟਿਵਾ ਅਤੇ ਮੋਟਰਸਾਈਕਲ ਦੀ ਆਪਸ ਵਿੱਚ ਜ਼ਬਰਦਸਤ ਟੱਕਰ ਹੋ ਗਈ। ਮ੍ਰਿਤਕਾਂ ਦੀ ਉਮਰ ਕਰੀਬ 14 ਤੋਂ 16 ਸਾਲ ਦੇ ਵਿਚਕਾਰ ਦੱਸੀ ਜਾ ਰਹੀ ਹੈ। ਚੌਕੀ ਇੰਚਾਰਜ ਸੁਰ ਸਿੰਘ ਏਐੱਸਆਈ ਬਲਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਅਭਿਜੋਤ ਸਿੰਘ ਪੁੱਤਰ ਜੁਗਰਾਜ ਸਿੰਘ ਵਾਸੀ ਪਿੰਡ ਮਾੜੀ ਮੇਘਾ, ਹਰਮਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਚੇਲਾ ਕਲੋਨੀ ਭਿੱਖੀਵਿੰਡ ਅਤੇ ਰਵੀ ਸਿੰਘ ਪੁੱਤਰ ਸਾਹਿਬ ਸਿੰਘ ਵਾਸੀ ਪਿੰਡ ਕਲਸੀਆਂ ਕਲਾਂ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਟੱਕਰ ਦੌਰਾਨ ਤਿੰਨਾਂ ਨਾਬਾਲਗਾਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ। (ਬਾਕੀ 3 ਤੇ)




## ਬੈਂਕ ਲੋਨ ਹੋਏ ਮਹਿੰਗੇ! ਆਰ.ਬੀ.ਆਈ. ਨੇ ਵਧਾਇਆ ਰੈਪੋ ਰੇਟ; ਵਧੇਗੀ ਈਐੱਮਆਈ

- ਹੋਮ ਤੇ ਕਾਰ ਲੋਨ ਦੀਆਂ ਕਿਸ਼ਤਾਂ 'ਚ ਹੋਵੇਗਾ ਵਾਧਾ

**ਮੁੰਬਈ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਪਛਮੀ ਏਸ਼ੀਆ ਦੇ ਚੱਲ ਰਹੇ ਸੰਕਟ ਵਿਚਾਲੇ ਵਧਦੀ ਮਹਿੰਗਾਈ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਭਾਰਤੀ ਰਿਜ਼ਰਵ ਬੈਂਕ ਨੇ ਬੁੱਧਵਾਰ ਨੂੰ ਲਗਪਗ ਸਾਢੇ ਤਿੰਨ ਸਾਲਾਂ ਬਾਅਦ ਮੁੱਖ ਨੀਤੀਗਤ ਦਰ (ਰੈਪੋ ਰੇਟ) ਵਿੱਚ 25 ਆਧਾਰ ਅੰਕਾਂ (0.25 ਫ਼ੀਸਦੀ) ਦਾ ਵਾਧਾ ਕਰ ਕੇ ਇਸ ਨੂੰ 5.5 ਫ਼ੀਸਦੀ ਕਰ ਦਿੱਤਾ ਹੈ। ਇਸ ਫ਼ੈਸਲੇ ਨਾਲ ਹੋਮ ਲੋਨ, ਵਾਹਨ ਲੋਨ ਅਤੇ ਕਾਰਪੋਰੇਟ ਕਰਜ਼ੇ ਮਹਿੰਗੇ ਹੋ ਜਾਣਗੇ ਅਤੇ ਪੁਰਾਣੇ ਕਰਜ਼ਦਾਰਾਂ ਲਈ ਮਹੀਨਾਵਾਰ



ਕਿਸ਼ਤਾਂ ਵੀ ਵਧ ਜਾਣਗੀਆਂ।

ਰਿਜ਼ਰਵ ਬੈਂਕ ਵੱਲੋਂ ਰੈਪੋ ਦਰਾਂ ਵਿੱਚ ਕੀਤਾ ਗਿਆ ਇਹ ਵਾਧਾ ਉਸ ਦੀ ਪਿਛਲੀ ਨੀਤੀ ਨਾਲੋਂ ਬਿਲਕੁਲ ਉਲਟ ਰੁੱਖ ਨੂੰ ਦਰਸਾਉਂਦਾ ਹੈ। ਇਸ ਤੋਂ ਪਹਿਲਾਂ ਰੈਪੋ ਦਰ ਵਿੱਚ ਆਖਰੀ ਵਾਧਾ ਫਰਵਰੀ 2023 ਵਿੱਚ ਕੀਤਾ ਗਿਆ ਸੀ, ਜਦੋਂ ਆਰਬੀਆਈ ਨੇ ਦਰ 0.25 ਫ਼ੀਸਦੀ ਵਧਾ ਕੇ 6.50 ਫ਼ੀਸਦੀ ਕੀਤੀ ਸੀ। (ਬਾਕੀ 3 ਤੇ)

## 'ਮੇਰੇ 'ਤੇ 45 ਕੇਸ ਦਰਜ ਨੇ, ਚਾਹੁੰਦਾ ਹਾਂ 100 ਹੋ ਜਾਣ' : ਰਾਹੁਲ ਗਾਂਧੀ

- ਦਿੱਲੀ ਪੁਲੀਸ ਵੱਲੋਂ ਹਿਰਾਸਤ 'ਚ ਲਏ ਜਾਣ ਤੋਂ ਬਾਅਦ ਵਿਰੋਧੀ ਧਿਰ ਨੇ ਜੰਤਰ-ਮੰਤਰ 'ਤੇ ਲਾਇਆ ਮੋਰਚਾ

**ਨਵੀਂ ਦਿੱਲੀ, 7 ਅਕਤੂਬਰ (ਪੈਗ਼ਾਮ-ਏ-ਜਗਤ)**

ਦਿੱਲੀ ਪੁਲੀਸ ਨਾਲ ਹੋਈ ਤਿੱਖੀ ਝੜਪ, ਰਾਹੁਲ ਗਾਂਧੀ ਸਮੇਤ ਹੋਰ ਵਿਰੋਧੀ ਆਗੂਆਂ ਨੂੰ ਹਿਰਾਸਤ ਵਿੱਚ ਲਏ ਜਾਣ ਅਤੇ ਕਈ ਪ੍ਰਦਰਸ਼ਨਕਾਰੀਆਂ 'ਤੇ ਐੱਫ.ਆਈ.ਆਰ. ਦਰਜ ਹੋਣ ਤੋਂ ਇੱਕ ਦਿਨ ਬਾਅਦ, 'ਇੰਡੀਆ' ਗੱਠਜੋੜ ਨੇ ਬੁੱਧਵਾਰ ਨੂੰ ਕਥਿਤ 'ਵੋਟ ਚੋਰੀ' ਖ਼ਿਲਾਫ਼ ਆਪਣੀ ਲੜਾਈ ਨੂੰ ਜੰਤਰ-ਮੰਤਰ ਲਿਜਾਣ ਦਾ ਫ਼ੈਸਲਾ ਕੀਤਾ ਹੈ।



ਇਹ ਫ਼ੈਸਲਾ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੀ ਜਨਪਥ ਸਥਿਤ 'ਸਾਗਰ ਰਤਨਾ' ਰੈਸਟੋਰੈਂਟ ਵਿੱਚ ਦੁਪਹਿਰ ਦੇ ਖਾਣੇ 'ਤੇ ਹੋਈ ਬੈਠਕ ਤੋਂ ਬਾਅਦ ਲਿਆ ਗਿਆ, ਜਿੱਥੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਅਗਲੀ ਰਣਨੀਤੀ ਬਣਾਉਣ ਲਈ ਆਗੂਆਂ ਦੀ ਮੇਜ਼ਬਾਨੀ ਕੀਤੀ। ਇਸ ਤੋਂ ਬਾਅਦ ਸੰਸਦ ਮੈਂਬਰ ਰੈਸਟੋਰੈਂਟ ਤੋਂ ਇੱਕ ਕਿਲੋਮੀਟਰ ਦੂਰ ਸਥਿਤ ਜੰਤਰ-ਮੰਤਰ ਲਈ ਬੱਸਾਂ ਵਿੱਚ ਸਵਾਰ ਹੋ ਕੇ ਰਵਾਨਾ ਹੋਏ, ਤਾਂ ਜੋ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਚੱਲ ਰਹੀ ਮੁਹਿੰਮ ਨੂੰ ਜਾਰੀ ਰੱਖਿਆ ਜਾ ਸਕੇ। ਇਹ ਕਦਮ ਮੰਗਲਵਾਰ ਨੂੰ ਵਾਪਰੀਆਂ ਹੰਗਾਮੇਦਾਰ ਘਟਨਾਵਾਂ ਤੋਂ ਬਾਅਦ ਚੁੱਕਿਆ ਗਿਆ ਹੈ, ਜਦੋਂ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਤੋਂ ਚੋਣ ਕਮਿਸ਼ਨ ਦੇ ਹੈੱਡਕੁਆਰਟਰ ਵੱਲ ਮਾਰਚ ਕੀਤਾ ਸੀ ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਸੀ। ਇਸ ਤੋਂ ਬਾਅਦ ਇਹ ਵਿਰੋਧ ਆਕਾਸ਼ਵਾਣੀ ਭਵਨ ਦੇ ਬਾਹਰ ਤਬਦੀਲ ਹੋ ਗਿਆ, ਜਿੱਥੇ ਰਾਹੁਲ ਗਾਂਧੀ, (ਬਾਕੀ 3 ਤੇ)

## ਸੰਪਾਦਕ ਦੀ ਕਲਮ ਤੋਂ

*ਲੱਗੀ ਨਜ਼ਰ ਪੰਜਾਬ ਨੂੰ, ਇਦ੍ਹੀ ਨਜ਼ਰ ਉਤਾਰੋ।*
*ਲੈ ਕੇ ਮਿਰਚਾਂ ਕੌੜੀਆਂ, ਏਹਦੇ ਸਿਰ ਤੋਂ ਵਾਰੋ*
*ਸਿਰ ਤੋਂ ਵਾਰੋ, ਵਾਰ ਕੇ, ਅੱਗ ਦੇ ਵਿਚ ਸਾੜੋ*
*ਲੱਗੀ ਨਜ਼ਰ ਪੰਜਾਬ ਨੂੰ, ਇਦ੍ਹੀ ਨਜ਼ਰ ਉਤਾਰੋ।*



ਪੰਜਾਬੀ ਦੇ ਸਿਰਮੌਰ ਕਵੀ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਦੀਆਂ ਇਹ ਸਤਰਾਂ ਮੈਂ ਇਸ ਕਰਕੇ ਤੁਹਾਡੇ ਧਿਆਨ ਗੋਚਰ ਕਰ ਰਿਹਾ ਹਾਂ, ਕਿਉਂਕਿ ਅੱਜ ਸੱਚਮੁਚ ਸਾਡਾ ਘੁੱਗ ਵਸਦਾ, ਰੰਗਲਾ ਪੰਜਾਬ, ਕਿਸੇ ਦੀ ਬੁਰੀ ਨਜ਼ਰ ਦਾ ਸ਼ਿਕਾਰ ਹੋ ਚੁੱਕਾ ਹੈ। ਕੁਝ ਦਿਨ ਪਹਿਲਾਂ ਇਹ ਖ਼ਬਰ ਸੁਨਣ ਨੂੰ ਮਿਲੀ ਕਿ ਪੰਜਾਬ ਐਚ. ਆਈ. ਵੀ. ਸੰਕਰਮਣ ਦੇ ਮਾਮਲਿਆਂ ਵਿਚ ਭਾਰਤ ਵਿਚ ਸਭ ਵੱਧ ਪ੍ਰਭਾਵਿਤ ਸੂਬਿਆਂ ਵਿਚੋਂ ਤੀਸਰੇ ਨੰਬਰ ਤੇ ਆ ਗਿਆ ਹੈ। ਮਾਹਿਰਾਂ ਦੇ ਅਨੁਸਾਰ ਇਸ ਦਾ ਮੁਖ ਕਾਰਨ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਸਿਰਿੰਜਾਂ ਹਨ। ਇਹ ਬਹੁਤ ਹੀ ਗੰਭੀਰ ਤੇ ਚਿੰਤਾ ਦਾ ਵਿਸ਼ਾ ਹੈ। ਭਾਰਤ ਦੇ ਸਭ ਤੋਂ ਖੁਸ਼ਹਾਲ ਰਾਜਾਂ ਵਿਚ ਅੱਜ ਵੀ ਪੰਜਾਬ ਭਾਵੇਂ ਮੂਹਰਲੀ ਕਤਾਰ ਵਿਚ ਖੜ੍ਹਾ ਹੈ, ਪਰ ਨਸ਼ਿਆਂ ਦੀ ਦੁਰਵਰਤੋਂ ਕਾਰਨ ਅੱਜ ਇਕ ਪੂਰੀ ਪੀੜ੍ਹੀ ਖ਼ਤਰੇ ਵਿਚ ਹੈ। ਅੱਜ ਸਾਡੇ ਸੂਬੇ ਵਿਚ 15 ਤੋਂ 35 ਸਾਲ ਦੀ ਉਮਰ ਦੇ 9 ਲੱਖ ਤੋਂ ਵੱਧ ਨੌਜਵਾਨ ਕਿਸੇ ਨਾ ਕਿਸੇ ਰੂਪ ਵਿਚ ਨਸ਼ੇ ਦੇ ਆਦੀ ਹਨ। ਇਹ ਸਮੱਸਿਆ ਅੱਜ ਇੰਨੀ ਵਿਆਪਕ ਹੋ ਚੁਕੀ ਹੈ ਕਿ ਪੰਜਾਬ ਦੇ ਦੋ ਤਿਹਾਈ ਤੋਂ ਵੱਧ ਘਰਾਂ ਵਿਚ ਘੱਟੋ ਘੱਟ ਇਕ ਵਿਅਕਤੀ ਨਸ਼ੇ ਦੀ ਲਪੇਟ ਵਿਚ ਹੈ।



**ਦਵਿੰਦਰ ਕੁਮਾਰ**
ਸੰਪਾਦਕ, ਪੈਗ਼ਾਮ-ਏ-ਜਗਤ

ਸਾਡਾ ਹਰਿਆ ਭਰਿਆ ਪ੍ਰਾਂਤ ਕਿਸੇ ਵੇਲੇ, ਛਿੰਝਾਂ, ਕੁਸ਼ਤੀ ਦੇ ਅਖਾੜਿਆਂ, ਮੇਲਿਆਂ ਤੇ ਤਿਉਹਾਰਾਂ ਲਈ ਜਾਣਿਆ ਜਾਂਦਾ ਸੀ, ਅੱਜ ਸਾਨੂੰ ਉਡਤਾ ਪੰਜਾਬ ਦੇ ਸ਼ਰਮਨਾਕ ਕਲੰਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਸਾਰੇ ਸਾਡੇ ਨੌਜਵਾਨ ਖੇਡ ਦੇ ਮੈਦਾਨਾਂ ਦੀ ਬਜਾਏ ਕਬਰਸਤਾਨਾਂ, ਖੰਡਰਾਂ ਤੇ ਉਜੜੀਆ ਖਾਲੀ ਇਮਾਰਤਾਂ ਵਿਚ ਨਸ਼ੀਲੇ ਟੀਕੇ ਤੇ ਹੋਰ ਮਾਦਕ ਪਦਾਰਥਾਂ ਦੀ ਵਰਤੋਂ ਕਰਕੇ ਬੇਸੁੱਧ ਪਏ ਨਜ਼ਰ ਆਉਂਦੇ ਹਨ। ਇਹ ਗੱਲ ਭਾਵੇਂ ਸੱਚ ਹੈ ਕਿ ਅੱਜ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਇਕ ਵਿਸ਼ਵਵਿਆਪੀ ਸਮੱਸਿਆ ਹੈ ਪਰ ਸਾਡਾ ਦੇਸ਼ ਆਰਥਿਕ ਤੌਰ ਤੇ ਇਨੇਂ ਮਜ਼ਬੂਤ ਨਹੀਂ ਕਿ ਇਸ ਮਹਾਂਮਾਰੀ ਨਾਲ ਕਾਰਗਰ ਢੰਗ ਨਾਲ ਨਜਿੱਠ ਸਕੇ। ਸਿਹਤ ਸੇਵਾਵਾਂ ਦਾ ਢਾਂਚਾ ਪੱਛਮੀ ਦੇਸ਼ਾਂ ਵਾਂਗ ਇੰਨਾ ਮਜ਼ਬੂਤ ਨਹੀਂ ਕਿ ਜ਼ਮੀਨੀ ਪੱਧਰ ਤੇ ਹਰ ਨਸ਼ੇ ਨਾਲ ਗ੍ਰਸਤ ਵਿਅਕਤੀ ਤੱਕ ਪਹੁੰਚ ਕੀਤੀ ਜਾ ਸਕੇ। ਨਸ਼ੀਲੇ ਪਦਾਰਥਾਂ ਦੀ ਗਿਣਤੀ ਤੇ ਉਨਾਂ ਦੀ ਵਰਤੋਂ ਦੇ ਤਰੀਕੇ ਹੈਰਾਨੀਜਨਕ ਤਰੀਕੇ ਨਾਲ ਵਧ ਰਹੇ ਹਨ। ਪੰਜਾਬ ਵਿਚ ਇਨਾਂ ਨਸ਼ਿਆਂ ਦੀ ਵਰਤੋਂ ਦਾ ਕਹਿਰ ਇਕ ਵਬਾ ਦਾ ਰੂਪ ਧਾਰਨ ਕਰ ਚੁੱਕਾ ਹੈ ਜਿਸ ਨੇ ਸਾਡੇ ਸਮਾਜ ਦੇ ਤਾਣੇ ਬਾਣੇ ਨੂੰ ਹਿਲਾ ਕੇ ਰੱਖ ਦਿਤਾ ਹੈ। ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਦੁਰਵਰਤੋਂ ਨਾ ਕੇਵਲ ਸੇਵਨ ਕਰਨ ਵਾਲੇ ਦੀ ਸਿਹਤ ਤੇ ਜੀਵਨ ਨੂੰ ਹੀ ਪ੍ਰਭਾਵਿਤ ਕਰਦੀ ਹੈ, ਸਗੋਂ ਸਮੁੱਚੇ ਦੇਸ਼ ਦੀ ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਬੁਨਿਆਦ ਨੂੰ ਵੀ ਕਮਜ਼ੋਰ ਕਰਦੀ ਹੈ। ਨਸ਼ਿਆਂ ਦੇ ਪ੍ਰਚੱਲਨ ਦਾ ਅੰਦਾਜ਼ਾ ਇਸ ਤੱਥ ਤੋ ਲਾਇਆ ਜਾ ਸਕਦਾ ਹੈ ਕਿ ਇਹ ਸੰਸਾਰ ਪੱਧਰ ਤੇ ਪੈਟਰੋਲੀਅਮ ਅਤੇ ਹਥਿਆਰਾਂ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਕਾਰੋਬਾਰ ਬਣ ਗਿਆ ਹੈ।

ਅੱਜ ਪੰਜਾਬ ਤੋਂ ਪ੍ਰਕਾਸ਼ਿਤ ਹੋਣ ਵਾਲੀ ਤਕਰੀਬਤ ਸਾਰੀਆਂ ਅਖਬਾਰਾਂ ਅਜਿਹੀਆ ਖਬਰਾਂ ਨਾਲ ਭਰੀਆਂ ਹੁੰਦੀ ਹਨ ਜਿਨਾਂ ਵਿਚ ਨਸ਼ੇ ਦੀ ਭਾਰੀ ਖੇਪ ਫੜ੍ਹੇ ਜਾਣ ਦਾ ਜ਼ਿਕਰ ਹੁੰਦਾ ਹੈ। ਅਜਿਹੀਆਂ ਦੁਖਦਾਈ ਖਬਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ ਕਿ, ਕਿਤੇ ਪੁਤਰ ਨੇ ਨਸ਼ੇ ਲਈ ਮਾਂ, ਪਿਓ ਜਾਂ ਆਪਣੀ ਪਤਨੀ ਦਾ ਕਤਲ ਕਰ ਦਿਤਾ ਹੈ। ਘਰੇਲੂ ਹਿੰਸਾ ਦਾ ਮੂਲ ਕਾਰਨ ਵੀ ਨਸ਼ੇ ਦੀ ਵਰਤੋਂ ਹੈ। ਘਰਾਂ ਦੇ ਘਰ ਬਰਬਾਦ ਹੋ ਰਹੇ ਹਨ, ਪਰਿਵਾਰਾਂ ਦੇ ਇਕਲੌਤੇ ਜਵਾਨ ਪੁਤਰ ਨਸ਼ੇ ਦੇ ਓਵਰਡੋਜ਼ ਨਾਲ ਮਰ ਰਹੇ ਹਨ।

ਜੇ ਇਸ ਭਿਆਨਕ ਸਮੱਸਿਆ ਦੇ ਹੱਲ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ੁਰੂਆਤ ਕੀਤੀ ਹੀ। ਇਸ ਤਹਿਤ ਕਈ ਉਪਾਵਾਂ ਉਪਰ ਜ਼ੋਰ ਦਿਤਾ ਜਾ ਰਿਹਾ ਹੈ ਜਿਵੇਂ ਕਿ ਪੁਲੀਸ ਨਸ਼ੀਲੇ ਪਦਾਰਥਾਂ ਦੇ 'ਹਾਟਸਪੌਟਸ' ਦੀ ਪਛਾਣ ਕਰੇਗੀ, ਸਪਲਾਈ ਚੇਨ ਨੂੰ ਤੋੜਿਆ ਜਾਵੇਗਾ ਤੇ ਨਸ਼ੇ ਦੇ ਸੌਦਾਗਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਏਗੀ। ਪਿਛਲੇ ਕੁਝ ਦਿਨਾਂ 'ਪੀਲਾ ਪੰਜਾ' ਚਲਣ ਦੇ ਸਮਾਚਾਰ ਵੀ ਸੁਰਖੀਆਂ ਬਣੇ ਹਨ। ਇਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ ਅਤੇ ਕਾਲੀ ਕਮਾਈ ਨਾਲੋਂ ਉਸਾਰੀਆਂ ਮਹਿਲਨੁਮਾਂ ਇਮਾਰਤਾਂ ਜਮੀਦੋਜ਼ ਕੀਤੀਆਂ ਗਈਆਂ ਹਨ। ਇਸੇ ਤਰਾਂ ਪੰਜਾਬ ਸਰਕਾਰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਉਪਰ ਕੇਂਦਰਿਤ ਇਕ ਡਰੱਗ ਕੰਟਰੋਲ ਨੀਤੀ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਪੰਜਾਬ ਪੁਲਿਸ ਦੇ ਕਮਿਊਨਟੀ ਪੁਲਿਸਿੰਗ ਵਿੰਗ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇਗਾ। ਸਕੂਲ ਅਤੇ ਉਚ ਸਿੱਖਿਆ ਵਿਭਾਗ, ਵਿਦਿਆਰਥੀਆਂ ਦੇ ਪਾਠਕਰਮ ਵਿਚ ਸੋਧ ਕਰਨ ਤੇ ਵਿਚਾਰ ਕਰ ਰਿਹਾ ਹੈ, ਇਸ ਵਿਚ ਨਸ਼ਿਆਂ ਦੀ ਦੁਰਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿਤੀ ਜਾਵੇਗੀ। ਇਸ ਵੇਲੇ ਰਾਜ ਵਿਚ 300 ਦੇ ਕਰੀਬ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਹਨ ਤੇ ਔਰਤਾਂ ਲਈ ਇਕ ਕੇਂਦਰ ਕਪੂਰਥਲਾ ਵਿਖੇ ਚਲ ਰਿਹਾ ਹੈ।

ਸਰਕਾਰ ਭਾਵੇਂ ਆਪਣੀ ਪੱਧਰ 'ਤੇ ਇਸ ਸਮੱਸਿਆ ਦੇ ਹੱਲ ਲਈ ਪੂਰੀ ਤਰਾਂ ਯਤਨਸ਼ੀਲ ਹੈ, ਪਰੰਤੂ ਸਾਡੀਆਂ ਧਾਰਮਿਕ, ਸਮਾਜਿਕ ਤੇ ਨੌਜਵਾਨਾਂ ਦੀਆਂ ਸੰਸਥਾਵਾਂ, ਨਸ਼ੇ ਦੇ ਹੜ੍ਹ ਨੂੰ ਠੱਲ ਪਾਉਣ ਵਿਚ ਵਧੇਰੇ ਸਕਾਰਾਤਮਿਕ ਰੋਲ ਨਿਭਾ ਸਕਦੀਆਂ ਹਨ। ਵਿਹਲਾਪਨ ਤੇ ਬੇਰੁਜ਼ਗਾਰੀ ਵੀ ਇਸ ਸਮੱਸਿਆ ਦੇ ਮੁਖ ਕਾਰਨਾਂ ਵਿਚੋਂ ਇਕ ਹੈ। ਸੋ ਨੌਜਵਾਨ ਵਰਗ ਨੂੰ ਉਨਾਂ ਦੀ ਕਾਬਲੀਅਤ ਅਨੁਸਾਰ ਰੁਜ਼ਗਾਰ ਜਾਂ ਕੋਈ ਦਸਤੀ ਕਿੱਤਾ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਅੱਜ ਪੰਜਾਬ ਦੇ ਹਰ ਕੋਨੇ ਵਿਚੋਂ ਇਹੀ ਪੁਕਾਰ ਆ ਰਹੀ ਹੈ ਕਿ ਨਸ਼ਾ ਭਜਾਓ, ਨੌਜਵਾਨੀ ਬਚਾਓ, ਖੁਸ਼ਹਾਲੀ ਲਿਆਓ।

# 180 ਜ਼ਿੰਦਗੀਆਂ ਦਾ ਰਾਖਾ
## ਦੁਨੀਆਂ ਦਾ ਨਾਇਕ ਪਾਇਲਟ
# ਸਮਿਤ ਮਛਾਲ

**ਮਨੁੱਖੀ** ਜ਼ਿੰਦਗੀ ਦਾ ਇਤਿਹਾਸ ਦੱਸਦਾ ਹੈ ਕੀ ਕੁਦਰਤ ਦੇ ਵਿਸ਼ਾਲ ਵਰਤਾਰੇ ਵਿੱਚ ਮਨੁੱਖ ਦਾ ਜਨਮ ਇੱਕ ਅਦਭੁੱਤ ਘਟਨਾ ਸੀ। ਸਮੇਂ ਸਮੇਂ ਤੇ ਇਸ ਧਰਤੀ ਦੇ ਮਨੁੱਖ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਬਹੁਤ ਸਾਰੀਆਂ ਲੜਾਈਆਂ ਲੜੀਆਂ ਹਨ। ਕਈ ਵਾਰ ਰੱਬ ਦਾ ਰੂਪ ਬਣ ਕੇ ਵੀ ਉਸ ਨੇ ਮਨੁੱਖਤਾ ਦੀ ਸੇਵਾ ਕੀਤੀ ਹੈ। ਇਤਿਹਾਸ ਵਿੱਚ ਅਜਿਹੇ ਸਾਹਸੀ ਮਨੁੱਖਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਬਿਰਤਾਂਤ ਮਿਲਦਾ ਹੈ। 30 ਸਤੰਬਰ,2026 ਦੀ ਇੱਕ ਖੌਫਨਾਕ ਕਹਾਣੀ ਦੇ ਨਾਇਕ ਪਾਇਲਟ 'ਸਮਿਤ ਮਛਾਲ'ਨੇ ਇਸ ਬਿਰਤਾਂਤ ਵਿੱਚ ਇੱਕ ਹੋਰ ਪੰਨਾ ਜੋੜ ਕੇ ਨਾ ਭੁੱਲਣ ਵਾਲੇ ਇੱਕ ਸਾਹਸੀ ਅਤੇ ਬਹਾਦਰ ਮਨੁੱਖ ਦੀ ਭੂਮਿਕਾ ਨਿਭਾਈ ਹੈ।

ਦੁਬਈ ਤੋਂ ਤਲ ਅਬੀਬ ਜਾ ਰਹੀ ਫਲਾਈਟ FZ1073 ਵਿੱਚ ਵਾਪਰੇ ਚਮਤਕਾਰ ਦਾ ਉਹ ਹੀਰੋ ਹੈ।

ਜਦੋਂ ਜਹਾਜ਼ 34 ਹਜ਼ਾਰ ਫੁੱਟ ਦੀ ਉਚਾਈ ਤੇ ਹੁੰਦਾ ਹੈ, ਉਸ ਸਮੇਂ ਜਹਾਜ਼ ਦਾ ਕਪਤਾਨ ਹੀ ਰੱਬ ਹੁੰਦਾ ਹੈ। ਅਜਿਹੇ ਹੀ ਇੱਕ ਰੱਬ ਬਣ ਕੇ ਉੱਭਰਿਆ ਹੈ ਭਾਰਤੀ ਪਾਇਲਟ *ਕੈਪਟਨ ਸਮਿਤ ਮਛਾਲ*। ਗੁਜਰਾਤ ਦਾ ਇਹ ਪੁੱਤ ਹੁਣ ਪੂਰੀ ਦੁਨੀਆ ਦਾ ਹੀਰੋ ਬਣ ਗਿਆ ਹੈ।

30 ਸਤੰਬਰ 2026 ਦੀ ਰਾਤ, ਫਲਾਈਟ FZ1073 ਦੁਬਈ ਤੋਂ ਤਲ ਅਬੀਬ ਜਾ ਰਹੀ ਸੀ। ਜਹਾਜ਼ ਵਿੱਚ 180 ਯਾਤਰੀ ਸਨ। ਉਡਾਣ ਤੋਂ ਕਰੀਬ 2 ਘੰਟੇ 15 ਮਿੰਟ ਬਾਅਦ ਕਾਕਪਿਟ ਵਿੱਚ ਕਹਿਰ ਟੁੱਟ ਪਿਆ। ਸਹਿ-ਪਾਇਲਟ, ਜੋ ਓਮਾਨ ਦਾ ਨਾਗਰਿਕ ਦੱਸਿਆ ਜਾ ਰਿਹਾ ਹੈ, ਨੇ ਕੈਪਟਨ ਸਮਿਤ ਮਛਾਲ ਤੇ ਜਹਾਜ਼ ਦੇ ਐਮਰਜੈਂਸੀ ਕੁਹਾੜੇ ਨਾਲ ਹਮਲਾ ਕਰ ਦਿੱਤਾ।

ਪੈ.ਗਾਮ-ਏ-ਜਗਤ

ਕੈਪਟਨ ਗੰਭੀਰ ਜ਼ਖਮੀ ਹੋ ਗਿਆ, ਖੂਨ ਨਾਲ ਲੱਥਪੱਥ ਹੋ ਗਿਆ। ਸਹਿ-ਪਾਇਲਟ ਨੇ ਜਹਾਜ਼ ਨੂੰ ਹੇਠਾਂ ਸੁੱਟਣਾ ਸ਼ੁਰੂ ਕਰ ਦਿੱਤਾ। ਜਹਾਜ਼ 34 ਹਜ਼ਾਰ ਫੁੱਟ ਤੋਂ ਸਿੱਧਾ 17 ਹਜ਼ਾਰ ਫੁੱਟ ਤੇ ਆ ਗਿਆ। ਜਹਾਜ਼ ਵਿੱਚ ਚੀਕ-ਚਿਹਾੜਾ ਪੈ ਗਿਆ। ਯਾਤਰੀਆਂ ਨੂੰ ਲੱਗਾ ਕਿ ਹੁਣ ਅੰਤ ਨਿਸ਼ਚਿਤ ਹੈ। ਪਰ ਜ਼ਖਮੀ ਹੋਣ ਦੇ ਬਾਵਜੂਦ ਕੈਪਟਨ ਸਮਿਤ ਨੇ ਹੌਸਲਾ ਨਹੀਂ ਛੱਡਿਆ। ਉਸਦੇ 17 ਸਾਲਾਂ ਦੇ ਤਜਰਬੇ ਨੇ ਉਸਨੂੰ ਦੱਸ ਦਿੱਤਾ ਕਿ ਜਹਾਜ਼ ਡਿੱਗ ਰਿਹਾ ਹੈ। ਉਸਨੇ ਆਪਣੀ ਸਾਰੀ ਤਾਕਤ ਲਗਾ ਕੇ ਕਾਕਪਿਟ ਦਾ ਦਰਵਾਜ਼ਾ ਖੋਲ੍ਹ ਦਿੱਤਾ। ਦਰਵਾਜ਼ਾ ਖੁੱਲ੍ਹਦੇ ਹੀ ਯਾਤਰੀ ਅਤੇ ਚਾਲਕ ਦਲ ਅੰਦਰ ਵੜੇ ਅਤੇ ਹਮਲਾਵਰ ਸਹਿ-ਪਾਇਲਟ ਨੂੰ ਕਾਬੂ ਕਰ ਲਿਆ।




ਜਹਾਜ਼ ਨੇ ਸਾਊਦੀ ਅਰਬ ਦੇ ਤਬੂਕ ਹਵਾਈ ਅੱਡੇ ਤੇ ਐਮਰਜੈਂਸੀ ਲੈਂਡਿੰਗ ਕੀਤੀ। 180 ਜ਼ਿੰਦਗੀਆਂ ਬਚ ਗਈਆਂ।

ਇਸ ਬਹਾਦਰੀ ਦੀ ਗੂੰਜ ਸਾਰੀ ਦੁਨੀਆ ਵਿੱਚ ਸੁਣੀ ਗਈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਫੋਨ ਕਰਕੇ ਕਿਹਾ- ਉਹ ਇੱਕ ਸੱਚਾ ਹੀਰੋ ਹੈ। ਉਸਨੇ ਚਾਕੂ ਖਾ ਕੇ ਵੀ ਦਰਵਾਜ਼ਾ ਖੋਲ੍ਹਿਆ ਅਤੇ 9/11 ਵਰਗੀ ਵੱਡੀ ਘਟਨਾ ਰੋਕ ਦਿੱਤੀ।

ਭਾਰਤ ਦੇ ਪ੍ਰਧਾਨ ਮੰਤਰੀ 'ਨਰਿੰਦਰ ਮੋਦੀ' ਨੇ ਉਸਨੂੰ ਵੀਡੀਓ ਕਾਲ ਕੀਤੀ ਅਤੇ ਕਿਹਾ- 'ਸਮਿਤ' ਵੀਰ ਪੁਰਸ਼ ਹੈ। ਭਾਰਤ ਨੂੰ ਤੇਰੇ ਤੇ ਮਾਣ ਹੈ। ਤੂੰ ਦੱਸ ਦਿੱਤਾ ਕਿ ਭਾਰਤੀ ਜਾਨ ਲੈਣ ਵਾਲੇ ਨਹੀਂ, ਜਾਨ ਬਚਾਉਣ ਵਾਲੇ ਹਨ। ਗੁਜਰਾਤ ਸਰਕਾਰ ਨੇ ਉਸਨੂੰ ਵਿਸ਼ਿਸ਼ਟ 'ਗੁਜਰਾਤ ਗਰਿਮਾ' ਐਵਾਰਡ ਦੇਣ ਦਾ ਐਲਾਨ ਕੀਤਾ ਹੈ। ਭਾਰਤੀ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਨੇ ਕਿਹਾ-ਹਰ ਭਾਰਤੀ ਨੂੰ ਉਸ ਤੇ ਮਾਣ ਹੈ, ਉਸਨੇ ਸਰੀਰਕ ਅਤੇ ਮਾਨਸਿਕ ਦ੍ਰਿੜ੍ਹਤਾ ਦੀ ਮਿਸਾਲ ਦਿੱਤੀ ਹੈ।

ਅੱਜ ਕੈਪਟਨ ਸਮਿਤ ਮਛਾਲ ਆਬੂਧਾਬੀ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਉਸਨੇ ਮੋਦੀ ਨੂੰ ਕਿਹਾ -ਮੈਂ ਭਾਰਤ ਤੋਂ ਦੂਰ ਹਾਂ, ਪਰ ਭਾਰਤੀ ਸੰਸਕਾਰਾਂ ਤੋਂ ਦੂਰ ਨਹੀਂ। ਸਮਿਤ ਮਛਾਲ ਦੀ ਕਹਾਣੀ ਸਿਰਫ ਇੱਕ ਪਾਇਲਟ ਦੀ ਕਹਾਣੀ ਨਹੀਂ, ਇਹ ਹਰ ਭਾਰਤੀ ਦੇ ਜਜ਼ਬੇ ਦੀ ਕਹਾਣੀ ਹੈ - ਜਦੋਂ ਤੱਕ ਸਾਹ ਹੈ, ਉਮੀਦ ਹੈ ਅਤੇ ਜਦੋਂ ਤੱਕ ਉਮੀਦ ਹੈ, ਦੂਜਿਆਂ ਨੂੰ ਬਚਾਉਣਾ ਸਾਡਾ ਧਰਮ ਹੈ।



**ਕੇ.ਐੱਸ. ਅਮਰ**
ਪਿੰਡ ਤੇ ਡਾਕ. ਕੋਟਲੀ
ਖਾਸ ਤਹਿਸੀਲ ਮੁਕੇਰੀਆਂ,
ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343

# ਚਿੱਟੀਆਂ ਕਪਾਹ ਦੀਆਂ ਫੁੱਟੀਆਂ...

ਮਨੁੱਖੀ ਜੀਵਨ ਖੁਸ਼ੀਆਂ, ਹਾਸਿਆ, ਮਜ਼ਾਕਾਂ, ਪਿਆਰ, ਮਿਲਵਰਤਣ ਅਤੇ ਭਾਈਚਾਰੇ ਦਾ ਗੁਲਦਸਤਾ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਆਪ ਖੁਸ਼ ਰਹਿ ਕੇ ਦੂਜਿਆਂ ਨੂੰ ਵੀ ਖੁਸ਼ ਰੱਖਣ ਅਤੇ ਬਾਕੀ ਜੀਵਾਂ ਦੀ ਦੇਖਭਾਲ ਦਾ ਸੁਨਹਿਰੀ ਮੌਕਾ ਦਿੱਤਾ ਹੈ। ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਸ ਦੀ ਸਮਝ ਬਾਕੀ ਸਭ ਜੀਵਾਂ ਨਾਲੋਂ ਨਿਵੇਕਲੀ ਅਤੇ ਬੁੱਧੀ ਭਰਪੂਰ ਹੈ। ਇਹੀ ਕਾਰਣ ਹੈ ਕਿ ਮਨੁੱਖ ਦੀ ਤੰਦਰੁਸਤੀ ਵੀ ਉਸ ਦੇ ਖੁਸ਼ੀ ਰਹਿਣ ਨਾਲ ਜੁੜੀ ਹੋਈ ਹੈ। ਜਿੰਨਾ ਕੋਈ ਮਨੁੱਖ ਖੁਸ਼ ਹੋਵੇਗਾ ਉਨਾ ਹੀ ਤੰਦਰੁਸਤ ਹੋਵੇਗਾ। ਪੰਜਾਬੀ ਲੋਕ ਤਾਂ ਖੁਸ਼ ਰਹਿ ਕੇ ਦੂਜਿਆਂ ਦੀ ਸੇਵਾ ਵਿੱਚ ਆਪਣਾ ਸਭ ਕੁੱਝ ਵਾਰਨ ਲਈ ਤਿਆਰ ਹੋ ਜਾਂਦੇ ਹਨ। ਅੱਜ ਵੀ ਅਸੀਂ ਦੇਖਦੇ ਹਾਂ ਕਿ ਮਨੁੱਖਤਾ ਨੂੰ ਜਿੱਥੇ ਕਿਤੇ ਵੀ ਕਿਸੇ ਕੁਦਰਤੀ ਕਰੋਪੀ ਦਾ ਦੁੱਖ ਝੱਲਣਾ ਪੈਂਦਾ ਹੈ ਤਾਂ ਪੰਜਾਬੀ ਲੋਕ ਹਰ ਤਰ੍ਹਾਂ ਦੀ ਮਦਦ ਲਈ ਉਥੇ ਪਹੁੰਚ ਜਾਂਦੇ ਹਨ।

ਪੈ.ਗਾਮ-ਏ-ਜਗਤ

ਪੰਜਾਬੀ ਦੀ ਤਾਂ ਅਖਾਣ ਵੀ ਹੈ ਕਿ "ਹੱਸਦਿਆਂ ਦੇ ਘਰ ਵਸਦੇ", ਕਹਿਣ ਦਾ ਭਾਵ ਹੈ ਕਿ ਜਿਨ੍ਹਾਂ ਘਰਾਂ ਵਿੱਚ ਖੁਸ਼ੀਆਂ ਅਤੇ ਹਾਸੇ ਨੱਚਦੇ ਹਨ ਉਹ ਘਰ ਸਦਾ ਹੀ ਸੁਖੀ ਵਸਦੇ ਹਨ। ਭਾਵੇਂ ਦੁੱਖ ਅਤੇ ਸੁੱਖ ਮਨੁੱਖ ਲਈ ਦੇਣੇ ਬਣੇਹੋਏ ਹਨ ਪਰ ਖੁਸ਼ ਰਹਿਣ ਵਾਲਾ ਮਨੁੱਖ ਉਸ ਦੁੱਖ ਨੂੰ ਹੱਸਦਿਆਂ-ਹੱਸਦਿਆਂ ਟਾਲ ਛੱਡਦਾ ਹੈ ਪਰ ਦੁਖੀ ਰਹਿਣ ਵਾਲਾ ਜਾਂ ਭੈੜੇ ਸੁਭਾਅ ਵਾਲਾ ਵਿਅਕਤੀ ਉਨ੍ਹਾਂ ਦੁਖਾਂ ਨੂੰ ਦੇਖ ਆਪਣੀ ਮੁਸੀਬਤ ਹੋਰ ਵਧਾ ਲੈਂਦਾ ਹੈ ਅਤੇ ਹੋਰਨਾਂ ਨੂੰ ਵੀ ਦੁਖੀ ਕਰਦਾ ਹੈ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਆਪਣੇ ਜੀਵਨ ਨਿਰਬਾਹ ਲਈ ਪੂਰੇ ਸਮਾਜ ਤੇ ਨਿਰਭਰ ਕਰਦਾ ਹੈ। ਸਭ ਤੋਂ ਪਹਿਲਾ ਤਾਂ ਉਸਦਾ ਪ੍ਰੀਵਾਰ ਵੀ ਇੱਕ ਸਮਾਜਿਕ ਇਕਾਈ ਹੈ, ਇਸ ਲਈ ਸਾਰੇ ਪ੍ਰੀਵਾਰ ਦੇ ਮੈਂਬਰਾਂ ਦਾ ਖੁਸ਼ ਰਹਿਣ ਪ੍ਰੀਵਾਰ ਦੀ ਉੱਨਤੀ ਅਤੇ ਤਰੱਕੀ ਲਈ ਬਹੁਤ ਜ਼ਰੂਰ ਬਣ ਜਾਂਦਾ ਹੈ। ਜੇਕਰ ਕਿਸੇ ਪ੍ਰੀਵਾਰ ਦੇ ਸਾਰੇ ਮੈਂਬਰਾਂ ਦੇ ਸੁਭਾਅ ਚੰਗੇ ਹੋਣਗੇ ਤਾਂ ਉਹ ਸਦਾ ਹੀ ਖੁਸ਼ ਨਜ਼ਰ ਆਉਣਗੇ ਅਤੇ ਉਹੀ ਘਰ ਉਨ੍ਹਾਂ ਪ੍ਰੀਵਾਰਾਂ ਦੇ ਖੁਸ਼ ਰਹਿਣ ਦੇ ਕਾਰਣ ਸਵਰਗ ਜਿਹਾ ਬਣ ਜਾਵੇਗਾ। ਪਰ ਜੇ ਉਸ ਪ੍ਰੀਵਾਰ ਦਾ ਇੱਕ ਮੈਂਬਰ ਵੀ ਗੁੱਸੇ ਵਾਲਾ ਜਾਂ ਚਿੜਚੜੇ ਸੁਭਾਅ ਦਾ ਹੋਵੇਗਾ ਉਹ ਬਾਕੀ ਪ੍ਰੀਵਾਰ ਨੂੰ ਵੀ ਸੰਕਟਾਂ ਵਿੱਚ ਪਾਈ ਰੱਖੇਗਾ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਕੁਦਰਤ ਦੀਆਂ ਕਰਾਮਾਤਾਂ ਅਤੇ ਉਸ ਵਲੋਂ ਦਿੱਤੇ ਇਸ਼ਾਰੇ ਨੂੰ ਪਹਿਚਾਣ ਕੇ ਸਦਾ ਹੀ ਖੁਸ਼ ਰਹਿਣ ਦਾ ਯਤਨ ਕਰੇ।

ਪੰਜਾਬ ਵਿੱਚ ਕਪਾਹ ਦੀ ਖੇਤੀ ਮੁੱਖ ਤੌਰ ਤੇ ਕੀਤੀ ਜਾਂਦੀ ਹੈ। ਕਈ ਖੇਤਰਾਂ ਵਿੱਚ ਤਾਂ ਇਹ ਫ਼ਸਲ ਬਹੁਤ ਹੀ ਵੱਧ ਹੁੰਦੀ ਹੈ। ਪਰ ਜਦੋਂ ਕਪਾਹ ਦੀ ਫ਼ਸਲ ਤਿਆਰ ਹੁੰਦੀ ਹੈ ਤਾਂ ਕੁਦਰਤ ਦਾ ਕ੍ਰਿਸ਼ਮਾ ਦੇਖਣ ਵਾਲਾ ਹੁੰਦਾ ਹੈ। ਖੇਤਾਂ ਵਿੱਚ ਖਿੜੀ ਕਪਾਹ ਖਿੜ-ਖਿੜ ਕਰਕੇ ਹੱਸਣ ਦਾ ਸੁਨੇਹਾ ਦੇਂਦੀ ਹੈ ਤਾਂ ਹੀ ਤਾਂ ਇੱਕ ਨਵੀਂ ਵਿਆਹੀ ਮੁਟਿਆਰ ਆਪਣੇ ਸਹੁਰੇ ਘਰ ਵਿੱਚ ਰਹਿੰਦੀ ਹੋਈ ਆਪਣੇ ਖੁਸ਼ੀ ਜੀਵਨ ਦੇ ਵਿੱਚ ਉਸਦੇ ਪਤੀ ਦੇ ਚਿੜਚਿੜੇ ਸੁਭਾਅ ਨੂੰ ਇਕ ਰੁਕਾਵਟ ਸਮਝਦੀ ਹੈ ਤਾਂ ਹੀ ਉਹ ਆਪਣੀ ਨਨਾਣ ਦੇ ਰਾਹੀਂ ਇਸ ਗੀਤ ਰਾਹੀਂ ਆਪਣੇ ਮਾਹੀ ਨੂੰ ਕਪਾਹ ਦੀ ਫੁੱਟਆਂ ਦੀ ਤਰ੍ਹਾਂ ਸਦਾ ਖਿੜਿਆ ਰਹਿਣ ਲਈ ਕਹਿੰਦੀ ਹੈ -

**ਚਿੱਟੀਆਂ ਕਪਾਹ ਦੀਆਂ ਫੁੱਟੀਆਂ,**
**ਹਾੜਾ ਨੀ, ਪੱਤ ਹਰੇ ਹਰੇ।**
**ਆਖ ਨੀ ਨਨਾਣੇ ਤੇਰੇ ਵੀਰ ਨੂੰ,**
**ਕਦੇ ਭੈੜਾਂ ਹੱਸਿਆ ਕਰੇ।**

ਉਸ ਮੁਟਿਆਰ ਦੀ ਇੱਛਾ ਹੁੰਦੀ ਹੈ ਕਿ ਉਸਦਾ ਮਾਹੀ ਉਸ ਕਪਾਹ ਦੇ ਬੂਟਿਆਂ ਤੋਂ ਕੋਈ ਸਿੱਖਿਆ ਲਵੇ ਜੋ ਸਦਾ ਖਿੜਖਿੜ ਕਰਕੇ ਹੱਸਦੇ ਦਿਖਾਈ ਦੇਂਦੇ ਹਨ। ਖਿੜੀ ਕਪਾਹ ਨਾਲ ਭਰੇ ਖੇਤ ਤਾਂ ਇੰਝ ਲੱਗਦੇ ਹਨ ਜਿਵੇਂ ਹਰ ਇੱਕ ਬੂਟਾ ਕਿਸੇ ਸੋਹਣੀ ਹੱਸਮੁੱਖ ਮੁਟਿਆਰ ਦਾ ਮੁੱਖੜਾ ਹੋਵੇ ਅਤੇ ਉਸ ਦੇ ਚਿਟੇ ਦੰਦ ਖਿੜਖਿੜ ਕਰਦੇ ਹੱਸਦੇ ਨਜ਼ਰ ਆਉਂਦੇ ਹੋਣ। ਇਹ ਕੁਦਰਤ ਦਾ ਖੁਸ਼ੀ ਪ੍ਰਦਾਨ ਕਰਨ ਲਈ ਇਕ ਕ੍ਰਿਸ਼ਮਾ ਹੀ ਤਾਂ ਹੈ। ਇਸਦੇ ਨਾਲ ਹੀ ਜੇ ਅਸੀਂ ਉਸ ਖੇਤ ਦੇ ਮਾਲਕ ਕਿਸਾਨ ਦੀ ਗੱਲ ਕਰੀਏ ਤਾਂ ਉਹ ਖਿੜੀ ਕਪਾਹ ਨੂੰ ਦੇਖ ਆਪਣੇ ਮਨ ਨੂੰ ਸੰਭਾਲ ਨਹੀਂ ਪਾਉਂਦਾ ਅਤੇ ਉਸਦੇ ਮਨ ਵਿੱਚ ਬਹੁਤ ਸਾਰੀਆਂ ਸਮਾਜਿਕ ਰੀਝਾਂ ਪੂਰੀਆਂ ਕਰਨ ਦੇ ਵਲਵਲੇ ਉੱਠਦੇ ਹਨ। ਉਹ ਆਪਣੀ ਆਰਥਿਕ ਸਥਿਤੀ ਦੇ ਭਵਿੱਖ ਨੂੰ ਵਧੀਆ ਦੇਖ ਕੇ ਮਨ ਵਿੱਚ ਮੁਸਕਰਾਉਂਦਾ ਹੀ ਨਹੀਂ ਸਗੋਂ ਉਹ ਤਾਂ ਨਵੇਂ-ਨਵੇਂ ਸੁਪਨੇ ਗੁੰਦਣ ਲੱਗਦਾ ਹੈ। ਕਈ ਵਾਰ ਤਾਂ ਉਹ ਖੁਸ਼ੀ ਵਿੱਚ ਝੂਮਦਾ ਹੋਇਆ ਆਪਣੇ ਘਰਵਾਲੀ ਨਾਲ ਵੀ ਕਈ ਵਾਅਦੇ ਕਰ ਬੈਠਦਾ ਹੈ।

**ਐਂਤਕੀ ਲੌਂਗ ਘੜਾ ਦੂ ਤੈਨੂੰ, ਸੋਹਣੀਏ,**
**ਨਰਮੇ ਨੂੰ ਵਿਕ ਲੈਣਗੇ।**

ਇਸੇ ਤਰ੍ਹਾਂ ਹੀ ਨਰਮੇ ਦੀਆਂ ਫੁੱਟੀਆਂ ਨੂੰ ਆਪ ਮੁਹਾਰੇ ਹੱਸਦੀਆਂ ਦੇਖ, ਨਰਮਾ ਜਾਂ ਕਪਾਹ ਚੁੱਗਦੀਆਂ ਮੁਟਿਆਰਾਂ ਆਪਣੀ ਸੁੰਦਰਤਾ ਅਤੇ ਚਿੱਟੇ ਦੰਦਾਂ ਦੀ ਤੁਲਨਾ ਉਨ੍ਹਾਂ ਦੁੱਧ ਵਰਗੀਆਂ ਕਪਾਹ ਦੀਆਂ ਫੁੱਟੀਆਂ ਨਾਲ ਕਰਨ ਲੱਗਦੀਆਂ ਹਨ ਅਤੇ ਕਹਿੰਦੀਆਂ ਹਨ-

**ਚਿੱਟੇ ਦੰਦ ਹੱਸਣੋ ਨਹੀਓ ਰਹਿੰਦੇ,**
**ਕਿ ਲੋਕੀ ਭੈੜੇ ਸ਼ੱਕ ਕਰਦੇ।**

ਪਰ ਇਹ ਗੱਲ ਜ਼ਰੂਰ ਹੈ ਕਿ ਉਨ੍ਹਾਂ ਦੀ ਉਹ ਤੁਲਨਾ ਮਨੁੱਖੀ ਜੀਵਨ ਨੂੰ ਖੁਸ਼ ਰਹਿਣ ਦੀ ਸਿੱਖਿਆ ਦੇ ਜਾਂਦੀ ਹੈ। ਖੁਸ਼ ਰਹਿਣਾ ਉਨ੍ਹਾਂ ਸੋਹਣੀਆਂ ਮੁਟਿਆਰਾਂ ਦੇ ਸੁਹਾਪਣ ਵਿੱਚ ਹੋਰ ਵਾਧਾ ਕਰਦਾ ਹੋਇਆ ਉਨ੍ਹਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਦੇਂਦਾ ਹੈ। ਵੈਸੇ ਵੀ ਕਿਸੇ ਸੋਹਣੀ ਮੁਟਿਆਰ ਦੀ ਸੁੰਦਰਤਾ ਉਸਦੇ ਖੁਸ਼ ਰਹਿਣ ਨਾਲ ਹੀ ਫਬਦੀ ਹੈ। ਇਸ ਕਰਕੇ ਮੁਟਿਆਰਾਂ ਦਾ ਸੁਭਾਅ ਅਤੇ ਖੁਸ਼ੀ ਜੀਵਨ ਇੱਕ ਕੁਦਰਤੀ ਦੇਣ ਹੁੰਦੀ ਹੈ।



ਖਿੜੀ ਕਪਾਹ ਦੇ ਖੇਤ ਵਿੱਚ ਕਪਾਹ ਚੁੱਕਦੀਆਂ ਮੁਟਿਆਰਾਂ ਦੀ ਤਸਵੀਰ।



**ਬਹਾਦਰ ਸਿੰਘ ਗੋਸਲ**
ਮਕਾਨ ਨੰਬਰ 3098,
ਸੈਕਟਰ-37ਡੀ, ਚੰਡੀਗੜ੍ਹ

ਪਰ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਮਨੁੱਖਾਂ ਨੂੰ ਖੁਸ਼ ਰੱਖਣ ਲਈ ਬਹੁਤ ਸਾਰੇ ਸਾਹਿਤਕਾਰ ਵੀਰਾਂ ਦਾ ਬੜਾ ਚੰਗਾ ਯੋਗਦਾਨ ਰਿਹਾ ਹੈ। ਵੱਖ-ਵੱਖ ਸਾਹਿਤਕਾਰਾਂ ਨੇ ਚੁਟਕਲਿਆਂ, ਨਾਟਕਾਂ, ਵਿਅੰਗ, ਹਾਸਰੱਸ, ਕਵਿਤਾਵਾਂ ਜਾਂ ਪਿਆਰ ਭਰੇ ਗੀਤਾਂ ਰਾਹੀਂ ਆਪਣੀ ਕਲਮ ਅਤੇ ਬੁੱਧੀ ਦਾ ਪ੍ਰਯੋਗ ਕਰਕੇ ਮਨੁੱਖਾਂ ਨੂੰ ਹੱਸਣ ਜਾਂ ਖੁਸ਼ ਰਹਿਣ ਦੀ ਪ੍ਰੇਰਣਾ ਦਿੱਤੀ ਹੈ।

ਕਿਸੇ ਵੀ ਸਮਾਜ ਨੂੰ ਚੰਗਾ ਨਿਰੋਆ ਅਤੇ ਖੁਸ਼ਵਗਾਹ ਬਣਾਉਣ ਲਈ ਸਾਹਿਤਕਾਰਾਂ ਦਾ ਰੋਲ ਅਹਿਮ ਹੁੰਦਾ ਹੈ ਕਿਉਂਕਿ ਉਹ ਸਮਾਜ ਦੀ ਹਰ ਨਬਜ਼ ਨੂੰ ਪਹਿਚਾਣਦੇ ਹਨ ਅਤੇ ਇਸ ਨੂੰ ਚੰਗੇ ਬਣਾਉਣ ਦਾ ਯਤਨ ਕਰਦੇ ਰਹਿੰਦੇ ਹਨ। ਕਈ ਵਾਰ ਤਾਂ ਕਈ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਨੂੰ ਹਸਾ ਹਸਾ ਕੇ ਢਿੱਡ ਪੀੜਾਂ ਪਾ ਦੇਂਦੇ ਹਨ ਅਤੇ ਕਈ ਕਵੀ ਆਪਣੀਆਂ ਕਵਿਤਾਵਾਂ ਰਾਹੀਂ ਸੁਣਨ ਵਾਲਿਆਂ ਜਾਂ ਪਾਠਕਾਂ ਨੂੰ ਖੁਸ਼ ਹੋਣ ਲਈ ਮਜਬੂਰ ਕਰ ਦੇਂਦਾ ਹਨ। ਕੁੱਝ ਵੀ ਹੋਵੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਮਨੁੱਖਾਂ ਨੂੰ ਖੁਸ਼ ਰੱਖਣ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਹਰ ਸਾਹਿਤਕਾਰ ਚਾਹੁੰਦਾ ਹੈ ਕਿ ਸਮਾਜ ਵਿੱਚ ਵਿਚਰ ਰਹੇ ਸਭ ਮਨੁੱਖ ਖੁਸ਼-ਖੁਸ਼ ਨਜ਼ਰ ਆਉਣ ਅਤੇ ਉਨ੍ਹਾਂ ਦੀ ਕਲਮ ਵੀ ਇਸ ਖੁਸ਼ੀ ਦੇ ਗੀਤ ਗਾਉਂਦੀ ਰਹੇ। ਉਦਾਸ ਅਤੇ ਦੁਖੀ ਚਿਹਰਿਆਂ ਨੂੰ ਦੇਖ, ਉਨ੍ਹਾਂ ਦੀ ਕਲਮ ਵਿੱਚ ਵੀ ਉਦਾਸੀ ਛਾਂ ਜਾਂਦੀ ਹੈ ਅਤੇ ਉਹ ਵਿਯੋਗ, ਵਿਛੋੜੇ, ਦਰਦ ਭਰੇ ਜਾਂ ਉਦਾਸੀ ਭਰੇ ਗੀਤ ਲਿਖਣ ਲਈ ਮਜ਼ਬੂਰ ਹੋ ਜਾਂਦੇ ਹਨ। ਉਹ ਚਾਹੁੰਦੇ ਹਨ ਕਿ ਹਰ ਸਵੇਰ ਸੂਰਜ ਦੀ ਲਾਲੀ ਨਾਲ ਖੁਸ਼ੀਆਂ ਭਰਿਆ ਮਹੌਲ ਲੈ ਕੇ ਆਵੇ ਅਤੇ ਹਰ ਪ੍ਰਾਣੀ ਹਸਦਾ ਹੋਇਆ ਆਪਣੇ ਦਿਨ ਭਰਦੇ ਕੰਮਾਂ ਦੀ ਖੁਸ਼ੀ ਨਾਲ ਸ਼ੁਰੂਆਤ ਕਰੇ। ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਜੀ ਪੰਜਾਬ ਦੀ ਸਵੇਰ ਦੀ ਸ਼ੁਰੂਆਤ ਹਸਦੇ ਹੋਏ ਕਿਰਤੀਆਂ, ਕਿਸਾਨਾਂ ਨੂੰ ਯਾਦ ਕਰਕੇ ਲਿਖਦੇ ਹਨ-

**ਖੂਹਾਂ ਤੇ ਟਿਚ ਟਿਚ ਹੁੰਦੀ ਹੈ,**
**ਖੇਤਾਂ ਵਿੱਚ ਹਲ ਪਏ ਧਸਦੇ ਨੇ,**
**ਭੱਤੇ ਛਾਹ ਵੇਲੇ ਢੁਕਦੇ ਨੇ,**
**ਹਾਲੀ ਤੱਕ ਤੱਕ ਕੇ ਹੱਸਦੇ ਨੇ।**

ਇਸ ਤਰ੍ਹਾਂ ਕਵੀ ਅਨੁਸਾਰ ਖੇਤਾਂ ਦਾ ਮਾਲਕ ਕਿਸਾਨ ਭਾਵੇ ਜਾਨ ਤੋੜ ਆਪਣੀ ਮਿਹਨਤ ਦੇ ਨਾਲ ਹੱਲ ਚਲਾਉਣ ਦਾ ਕੰਮ ਕਰਦਾ ਹੈ। ਪਰ ਕਵੀ ਉਸ ਨੂੰ ਖੁਸ਼ ਦੇਖ ਕੇ ਖੁਸ਼ ਹੈ।

ਇਸੇ ਤਰ੍ਹਾਂ ਸਾਡੇ ਪੂਰਵਜ਼ਾਂ ਨੇ ਕੁੱਝ ਰੀਤੀ ਰਿਵਾਜ਼ ਇੰਦਾ ਬਣਾ ਲਏ ਸਨ ਕਿ ਮਨੁੱਖ ਨੂੰ ਖੁਸ਼ ਹੋਣ ਦਾ ਸੁਭਾਗ ਪ੍ਰਾਪਤ ਹੋਵੇ। ਪਿੰਡਾਂ ਵਿੱਚ ਵਿਆਹਾਂ-ਸਾਦੀਆਂ ਦੇ ਰਸਮਾਂ ਰਿਵਾਜ਼ਾਂ ਵਿੱਚ ਮਨੁੱਖ ਨੂੰ ਖੁਸ਼ੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਸੀ। ਇੱਥੋਂ ਤੱਕ ਕਿ ਇਨ੍ਹਾਂ ਨੂੰ ਖੁਸ਼ੀ ਦਾ ਮੌਕਾ ਦੱਸ ਕੇ ਖੁਸ਼ ਕੰਗਤੇ ਅਤੇ ਨਾਚ ਕੀਤੇ ਜਾਂਦੇ ਸਨ। ਪਿੰਡਾਂ ਦੀਆਂ ਔਰਤਾਂ ਨੂੰ ਤਾਂ ਖੁਸ਼ ਹੋਣ ਲਈ ਇਹ ਵਿਆਹ-ਸਾਦੀਆਂ ਦੇ ਮੌਕੇ ਤੋਹਫੇ ਦੀ ਤਰ੍ਹਾਂ ਮਿਲਦੇ ਸਨ। ਵਿਆਹਾਂ ਵਿੱਚ ਉਹ ਖੂਬ ਗਿੱਧੇ ਦਾ ਪਿੜ ਬੰਨ੍ਹਦੀਆਂ ਸਨ ਅਤੇ ਆਪਣੀ ਰੂਹ ਦੀ ਖੁਰਾਕ ਹਾਸਾ-ਠੱਠਾ ਖੂਬ ਕਰਦੀਆਂ ਹਨ। ਉਨ੍ਹਾਂ ਦਿਨਾਂ ਵਿੱਚ ਔਰਤਾਂ ਵੈਸੇ ਵੀ ਚਾਰ ਦੀਵਾਰੀ ਵਿੱਚ ਅਤੇ ਪਰਦੇ ਵਿੱਚ ਰਹਿੰਦੀਆਂ ਸਨ ਇਸ ਲਈ ਵਿਆਹ-ਸਾਦੀਆਂ ਵਿੱਚ ਉਨ੍ਹਾਂ ਨੂੰ ਖੁਸ਼ ਹੋਣ ਦਾ ਖੁਲ੍ਹਾ ਮਾਹੌਲ ਮਿਲ ਜਾਂਦਾ ਸੀ ਜੋ ਔਰਤਾਂ ਦੀ ਸਿਹਤ ਦੇ ਲਈ ਬੜਾ ਉਪਯੋਗੀ ਹੁੰਦਾ ਸੀ। ਵੈਸੇ ਵੀ ਕਿਸੇ ਵੀ ਘਰ ਪ੍ਰੀਵਾਰ ਵਿੱਚ ਔਰਤ ਦਾ ਖੁਸ਼ ਰਹਿਣਾ ਜ਼ਰੂਰੀ ਲੋੜੀਂਦਾ ਸੀ। ਅਸੀਂ ਆਪਣੇ ਚੌਗਿਰਦੇ ਵਿੱਚ ਉੱਝ ਵੀ ਦੇਖਦੇ ਹੀ ਹਾਂ ਕਿ ਜੇ ਕਿਸੇ ਔਰਤ ਜਾਂ ਮਰਦ ਦੇ ਮੱਥੇ ਦੀਆਂ ਤਿਊੜੀਆਂ ਦਿਖਾਈ ਦੇਂਦੀਆਂ ਹਨ ਤਾਂ ਪਤਾ ਲਗਦਾ ਹੈ ਕਿ ਉਸ ਦਾ ਮਨ ਅੰਦਰੋ ਖੁਸ਼ ਨਹੀਂ ਹੈ ਅਤੇ ਉਹ ਕਿਸੇ ਦੂਜੇ ਨੂੰ ਵੀ ਖੁਸ਼ ਨਹੀਂ ਰੱਖ ਸਕਦਾ। ਇਸ ਤਰ੍ਹਾਂ ਇਹ ਤਿਊੜੀਆਂ ਹੀ ਕਿਸੇ ਦੇ ਜੀਵਨ ਦੀ ਜਾਂਚ ਜਾਂ ਰਹਿਣੀ-ਬਹਿਣੀ ਨੂੰ ਦੱਸ ਦੇਂਦੀਆਂ ਹਨ ਤਾਂ ਹੀ ਵਿਆਹਾਂ ਵਿੱਚ ਸਾਲੀਆਂ, ਆਪਣੇ ਜੀਜੇ ਨੂੰ ਖੁਸ਼ ਰਹਿਣ ਦੀ ਨਸੀਅਤ ਇਹ ਸਿਠਣੀ ਗਾ ਕੇ ਕਹਿੰਦੀਆਂ ਹਨ -

**ਮੱਥੇ ਦੀ ਤਿਊੜੀ ਖੋਲ੍ਹ ਵੇ ਜੀਜਾ,**
**ਅਸੀ ਤੇਰੇ ਕਦ ਆਉਣਾ?**

ਅਸੀਂ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਖੁਸ਼ੀ-ਖੁਸ਼ੀ ਖੇਡਦੇ ਅਤੇ ਕਿਲਕਾਰੀਆਂ ਮਾਰਦੇ ਬੱਚਿਆਂ ਨੂੰ ਦੇਖ ਕੇ ਖੁਸ਼ ਹੁੰਦੇ ਹਾਂ ਕਿਉਂਕਿ ਇਹ ਕੁਦਰਤ ਦਾ ਅਸੂਲ ਵੀ ਹੈ ਕਿ ਖੁਸ਼ ਬੰਦੇ ਨੂੰ ਦੇਖ ਕੇ ਦੂਜੇ ਦਾ ਮਨ ਵੀ ਖੁਸ਼ ਹੁੰਦਾ ਹੈ ਅਤੇ ਦੁਖੀ ਇਨਸਾਨ ਨੂੰ ਦੇਖ ਦੂਜਾ ਮਨੁੱਖ ਵੀ ਦੁਖੀ ਹੁੰਦਾ ਹੈ।

ਜਿਸ ਤਰ੍ਹਾਂ ਕਿਸੇ ਰੋਂਦੇ ਬੱਚੇ ਨੂੰ ਦੇਖ ਮਾਂ ਦਾ ਮਨ ਵੀ ਬਹੁਤ ਦੁਖੀ ਹੋ ਜਾਂਦਾ ਹੈ। ਪਰ ਅਸੀਂ ਦੇਖਦੇ ਹਾਂ ਕਿ ਪਿਛਲੇ ਕੁੱਝ ਸਾਲਾਂ ਤੋਂ ਕੁਦਰਤੀ ਆਫਤਾਂ ਅਤੇ ਚਿੱਟੀ ਜਾਂ ਪੀਲੀ ਮੱਖੀ ਨੇ ਕਪਾਹ ਦੀ ਖੇਤੀ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਮਿਹਨਤੀ ਕਿਸਾਨਾਂ ਦੇ ਮੁਖੜੇ ਆਪਣੀਆਂ ਫਸਲਾਂ ਦਾ ਹਾਲ ਦੇਖ ਮੁਰਝਾਉਣ ਲੱਗੇ ਹਨ ਤਾਂ ਅਜਿਹੇ ਹਾਲਾਤਾਂ ਵਿੱਚ ਸਰਕਾਰਾਂ ਨੂੰ ਕਿਸਾਨਾਂ ਦੀ ਬਾਂਹ ਫੜਕੇ ਵੱਧ ਤੋਂ ਵੱਧ ਵਿੱਤੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੇ ਚਿਹੜੇ ਕਪਾਹ ਦੀਆਂ ਫੁੱਟੀਆਂ ਵਾਂਗ ਖਿੜੇ ਰਹਿਣ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਸ ਮਨੁੱਖੀ ਜੀਵਨ ਵਿੱਚ ਖੁਸ਼ੀ ਦਾ ਅਹਿਮ ਰੋਲ ਹੈ। ਕਿਸੇ ਨੂੰ ਵੀ ਦੁੱਖੀ ਰਹਿ ਕੇ ਆਪਣੇ ਜੀਵਨ ਨੂੰ ਦੁਖੀ ਨਹੀਂ ਕਰਨਾ ਚਾਹੀਦਾ, ਜੇ ਮਨ ਉਦਾਸ ਵੀ ਹੁੰਦਾ ਹੈ ਤਾਂ ਖੁਸ਼ੀ ਪ੍ਰਦਾਨ ਕਰਨ ਵਾਲਾ ਸਾਹਿਤ ਪੜ੍ਹਿਆ ਜਾ ਸਕਦਾ ਹੈ। ਉਦਾਸ, ਉਚਾਟ ਅਤੇ ਦੁੱਖੀ ਜੀਵਨ ਮਨੁੱਖ ਨੂੰ ਖੁੱਦਕਸ਼ੀ ਦੇ ਰਾਹ ਵੱਲ ਤੋਰ ਦੇਂਦਾ ਹੈ ਜਿਸ ਤੋਂ ਹਰ ਹਾਲਤ ਵਿੱਚ ਬਚਣਾ ਚਾਹੀਦਾ ਹੈ ਅਤੇ ਸਾਨੂੰ ਕਪਾਹ ਦੀਆਂ ਖਿੜ ਰਹੀਆਂ ਫੁੱਟੀਆਂ ਤੋਂ ਕੁੱਝ ਸਿੱਖਣਾ ਚਾਹੀਦਾ ਹੈ।

# ਗਿਆਨ ਦੀ ਕੁੰਜੀ: ਸੁਣਨਾ, ਸਮਝਣਾ ਅਤੇ ਸੰਵਾਦ

**ਮਨੁੱਖ** ਨੂੰ ਹੋਰ ਜੀਵਾਂ ਤੋਂ ਵੱਖਰਾ ਬਣਾਉਣ ਵਾਲੀ ਸਭ ਤੋਂ ਵੱਡੀ ਤਾਕਤ ਉਸ ਦੀ ਸਿੱਖਣ ਦੀ ਸਮਰੱਥਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਕੇਵਲ ਕਿਤਾਬਾਂ ਪੜ੍ਹਨ ਨਾਲ ਹੀ ਪੂਰੀ ਨਹੀਂ ਹੁੰਦੀ, ਸਗੋਂ ਧਿਆਨ ਨਾਲ ਸੁਣਨ, ਗਹਿਰਾਈ ਨਾਲ ਸਮਝਣ ਅਤੇ ਅਰਥਪੂਰਨ ਸੰਵਾਦ ਕਰਨ ਨਾਲ ਸੰਪੂਰਨ ਬਣਦੀ ਹੈ। ਗਿਆਨ ਦਾ ਅਸਲ ਆਧਾਰ ਸਿਰਫ਼ ਜਾਣਕਾਰੀ ਇਕੱਠੀ ਕਰਨਾ ਨਹੀਂ, ਬਲਕਿ ਉਸ ਨੂੰ ਸਮਝਣਾ, ਪਰਖਣਾ ਅਤੇ ਜੀਵਨ ਵਿੱਚ ਲਾਗੂ ਕਰਨਾ ਹੈ। ਅੱਜ ਦਾ ਯੁੱਗ ਜਾਣਕਾਰੀ ਦਾ ਯੁੱਗ ਹੈ। ਮੋਬਾਈਲ ਫੋਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਹਰ ਪਲ ਅਣਗਿਣਤ ਜਾਣਕਾਰੀਆਂ ਸਾਡੇ ਸਾਹਮਣੇ ਆ ਰਹੀਆਂ ਹਨ। ਪਰ ਜ਼ਰੂਰੀ ਨਹੀਂ ਕਿ ਹਰ ਜਾਣਕਾਰੀ ਗਿਆਨ ਬਣ ਜਾਵੇ। ਜਾਣਕਾਰੀ ਨੂੰ ਗਿਆਨ ਵਿੱਚ ਬਦਲਣ ਲਈ ਧਿਆਨ ਨਾਲ ਸੁਣਨਾ, ਸੋਚ-ਵਿਚਾਰ ਕਰਨਾ ਅਤੇ ਦੂਜਿਆਂ ਨਾਲ ਵਿਚਾਰ ਸਾਂਝੇ ਕਰਨਾ ਲਾਜ਼ਮੀ ਹੈ।

ਪੈ.ਗਾਮ-ਏ-ਜਗਤ

**ਸੁਣਨਾ ਇੱਕ ਕਲਾ ਹੈ**

ਬਹੁਤ ਸਾਰੇ ਲੋਕ ਬੋਲਣਾ ਤਾਂ ਸਿੱਖ ਲੈਂਦੇ ਹਨ, ਪਰ ਸੁਣਨਾ ਨਹੀਂ ਸਿੱਖਦੇ। ਅਸਲ ਵਿੱਚ ਚੰਗਾ ਸੁਣਨ ਵਾਲਾ ਹੀ ਚੰਗਾ ਸਿੱਖਣ ਵਾਲਾ ਹੁੰਦਾ ਹੈ। ਜਦੋਂ ਅਸੀਂ ਕਿਸੇ ਦੀ ਗੱਲ ਧਿਆਨ ਨਾਲ ਸੁਣਦੇ ਹਾਂ, ਤਾਂ ਸਾਨੂੰ ਉਸ ਦੇ ਤਜਰਬੇ, ਵਿਚਾਰ ਅਤੇ ਭਾਵਨਾਵਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਇਸ ਨਾਲ ਸਾਡੀ ਸੋਚ ਵਿਸ਼ਾਲ ਬਣਦੀ ਹੈ ਅਤੇ ਫੈਸਲੇ ਕਰਨ ਦੀ ਸਮਰੱਥਾ ਵਿੱਚ ਵੀ ਵਾਧਾ ਹੁੰਦਾ ਹੈ।

ਅਧਿਆਪਕ ਦੀ ਕਲਾਸ ਹੋਵੇ, ਮਾਪਿਆਂ ਦੀ ਸਲਾਹ ਹੋਵੇ ਜਾਂ ਕਿਸੇ ਵਿਗਿਆਨੀ ਦਾ ਭਾਸ਼ਣ—ਜੇ ਅਸੀਂ ਧਿਆਨ ਨਾਲ ਸੁਣਦੇ ਹਾਂ ਤਾਂ ਉਹੀ ਗੱਲਾਂ ਸਾਡੀ ਜ਼ਿੰਦਗੀ ਦਾ ਰੁਖ ਬਦਲ ਸਕਦੀਆਂ ਹਨ।

**ਸਮਝਣਾ ਹੀ ਅਸਲ ਸਿੱਖਿਆ ਹੈ**

ਰਟਣਾ ਅਤੇ ਸਮਝਣਾ ਦੋ ਵੱਖ-ਵੱਖ ਗੱਲਾਂ ਹਨ। ਰਟਿਆ ਹੋਇਆ ਗਿਆਨ ਕੁਝ ਸਮੇਂ ਬਾਅਦ ਭੁੱਲਿਆ ਜਾ ਸਕਦਾ ਹੈ, ਪਰ ਸਮਝਿਆ ਹੋਇਆ ਗਿਆਨ ਸਾਰੀ ਉਮਰ ਸਾਥ ਦਿੰਦਾ ਹੈ। ਜਦੋਂ ਵਿਦਿਆਰਥੀ ਕਿਸੇ ਵਿਸ਼ੇ ਨੂੰ ਸਮਝ ਕੇ ਪੜ੍ਹਦੇ ਹਨ, ਤਾਂ ਉਹ ਨਾ ਸਿਰਫ਼ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਸਗੋਂ ਅਸਲ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਵੀ ਲੱਭ ਸਕਦੇ ਹਨ।

ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਵੀ ਯਾਦ ਕਰਨ ਦੀ ਬਜਾਏ ਸਮਝ, ਵਿਸ਼ਲੇਸ਼ਣ ਅਤੇ ਰਚਨਾਤਮਕ ਸੋਚ ਨੂੰ ਵੱਧ ਮਹੱਤਵ ਦਿੱਤਾ ਜਾ ਰਿਹਾ ਹੈ। ਇਹ ਬਦਲਾਅ ਵਿਦਿਆਰਥੀਆਂ ਨੂੰ ਭਵਿੱਖ ਲਈ ਵਧੇਰੇ ਸਮਰੱਥ ਬਣਾ ਰਿਹਾ ਹੈ।



**ਡਾ. ਵਿਜੈ ਗਰਗ**
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

**ਸੰਵਾਦ ਨਾਲ ਵਧਦਾ ਹੈ ਗਿਆਨ**

ਸੰਵਾਦ ਸਿਰਫ਼ ਗੱਲਬਾਤ ਨਹੀਂ, ਸਗੋਂ ਵਿਚਾਰਾਂ ਦਾ ਆਦਾਨ-ਪ੍ਰਦਾਨ ਹੈ। ਜਦੋਂ ਦੋ ਜਾਂ ਵੱਧ ਲੋਕ ਆਪਣੇ ਵਿਚਾਰ ਸਾਂਝੇ ਕਰਦੇ ਹਨ, ਤਾਂ ਨਵੇਂ ਵਿਚਾਰ ਜਨਮ ਲੈਂਦੇ ਹਨ। ਪਰਿਵਾਰ, ਸਕੂਲ, ਦਫ਼ਤਰ ਅਤੇ ਸਮਾਜ ਵਿੱਚ ਖੁੱਲ੍ਹਾ ਅਤੇ ਸਨਮਾਨਪੂਰਵਕ ਸੰਵਾਦ ਵਿਸ਼ਵਾਸ ਅਤੇ ਸਹਿਯੋਗ ਨੂੰ ਮਜ਼ਬੂਤ ਕਰਦਾ ਹੈ।




ਇੱਕ ਵਿਦਿਆਰਥੀ ਜਦੋਂ ਆਪਣੇ ਅਧਿਆਪਕ ਨੂੰ ਸਵਾਲ ਪੁੱਛਦਾ ਹੈ, ਤਾਂ ਉਹ ਸਿਰਫ਼ ਜਵਾਬ ਹੀ ਨਹੀਂ ਲੈਂਦਾ, ਸਗੋਂ ਆਪਣੀ ਸੋਚ ਨੂੰ ਵੀ ਨਵਾਂ ਆਕਾਰ ਦਿੰਦਾ ਹੈ। ਇਸੇ ਤਰ੍ਹਾਂ, ਵਿਗਿਆਨ, ਸਾਹਿਤ ਅਤੇ ਸਮਾਜਿਕ ਵਿਕਾਸ ਦੇ ਬਹੁਤ ਸਾਰੇ ਨਵੇਂ ਵਿਚਾਰ ਸੰਵਾਦ ਰਾਹੀਂ ਹੀ ਜਨਮ ਲੈਂਦੇ ਹਨ।

**ਡਿਜ਼ਿਟਲ ਯੁੱਗ ਵਿੱਚ ਸੁਣਨ ਅਤੇ ਸੰਵਾਦ ਦੀ ਚੁਣੌਤੀ**

ਅੱਜ ਲੋਕ ਇੱਕ-ਦੂਜੇ ਨਾਲੋਂ ਵੱਧ ਸਕ੍ਰੀਨਾਂ ਨਾਲ ਜੁੜੇ ਹੋਏ ਹਨ। ਸੋਸ਼ਲ ਮੀਡੀਆ 'ਤੇ ਹਰ ਕੋਈ ਆਪਣੀ ਗੱਲ ਕਹਿਣਾ ਚਾਹੁੰਦਾ ਹੈ, ਪਰ ਦੂਜਿਆਂ ਨੂੰ ਸੁਣਨ ਲਈ ਘੱਟ ਤਿਆਰ ਹੁੰਦਾ ਹੈ। ਇਸ ਕਾਰਨ ਗਲਤਫ਼ਹਿਮੀਆਂ, ਤਣਾਅ ਅਤੇ ਮਤਭੇਦ ਵਧ ਰਹੇ ਹਨ।

ਸਾਨੂੰ ਡਿਜ਼ਿਟਲ ਮਾਧਿਅਮਾਂ ਦੀ ਵਰਤੋਂ ਕਰਦੇ ਹੋਏ ਵੀ ਸੱਭਿਆਚਾਰਕ ਅਤੇ ਸੰਵੇਦਨਸ਼ੀਲ ਸੰਵਾਦ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ। ਅਸਹਿਮਤੀ ਹੋ ਸਕਦੀ ਹੈ, ਪਰ ਸਨਮਾਨਪੂਰਵਕ ਗੱਲਬਾਤ ਹੀ ਲੋਕਤੰਤਰ ਅਤੇ ਸਮਾਜ ਦੀ ਮਜ਼ਬੂਤੀ ਦਾ ਆਧਾਰ ਹੈ।

**ਪਰਿਵਾਰ ਅਤੇ ਸਕੂਲ ਦੀ ਭੂਮਿਕਾ**

ਬੱਚਿਆਂ ਵਿੱਚ ਸੁਣਨ ਅਤੇ ਸੰਵਾਦ ਕਰਨ ਦੀ ਆਦਤ ਘਰ ਤੋਂ ਹੀ ਸ਼ੁਰੂ ਹੁੰਦੀ ਹੈ। ਜੇ ਮਾਪੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦੇ ਹਨ, ਤਾਂ ਬੱਚਿਆਂ ਦਾ ਆਤਮ-ਵਿਸ਼ਵਾਸ ਵਧਦਾ ਹੈ। ਇਸੇ ਤਰ੍ਹਾਂ ਅਧਿਆਪਕ ਜੇ ਵਿਦਿਆਰਥੀਆਂ ਨੂੰ ਸਵਾਲ ਪੁੱਛਣ ਅਤੇ ਵਿਚਾਰ ਪ੍ਰਗਟ ਕਰਨ ਲਈ ਪ੍ਰੇਰਿਤ ਕਰਨ, ਤਾਂ ਸਿੱਖਣ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਬਣ ਜਾਂਦੀ ਹੈ।

**ਸਫਲਤਾ ਦਾ ਰਾਜ਼**

ਦੁਨੀਆ ਦੇ ਮਹਾਨ ਵਿਗਿਆਨੀ, ਨੇਤਾ ਅਤੇ ਚਿੰਤਕ ਸਿਰਫ਼ ਚੰਗੇ ਵਕਤਾ ਹੀ ਨਹੀਂ ਸਨ, ਸਗੋਂ ਉਹ ਸ਼ਾਨਦਾਰ ਸਰੋਤੇ ਵੀ ਸਨ। ਉਹ ਦੂਜਿਆਂ ਦੇ ਵਿਚਾਰ ਸੁਣਦੇ, ਉਨ੍ਹਾਂ 'ਤੇ ਮਨਨ ਕਰਦੇ ਅਤੇ ਫਿਰ ਨਵੇਂ ਵਿਚਾਰ ਪੈਦਾ ਕਰਦੇ ਸਨ। ਇਹੀ ਗੁਣ ਉਨ੍ਹਾਂ ਨੂੰ ਸਫਲ ਬਣਾਉਂਦੇ ਸਨ।

ਗਿਆਨ ਦਾ ਅਸਲ ਰਸਤਾ ਸਿਰਫ਼ ਪੜ੍ਹਨ ਨਾਲ ਨਹੀਂ, ਸਗੋਂ ਸੁਣਨ, ਸਮਝਣ ਅਤੇ ਸੰਵਾਦ ਕਰਨ ਨਾਲ ਖੁੱਲ੍ਹਦਾ ਹੈ। ਜੇ ਅਸੀਂ ਧਿਆਨ ਨਾਲ ਸੁਣਨਾ ਸਿੱਖ ਲਈਏ, ਗੱਲਾਂ ਨੂੰ ਗਹਿਰਾਈ ਨਾਲ ਸਮਝੀਏ ਅਤੇ ਖੁੱਲ੍ਹੇ ਮਨ ਨਾਲ ਸੰਵਾਦ ਕਰੀਏ, ਤਾਂ ਅਸੀਂ ਨਾ ਸਿਰਫ਼ ਵਧੀਆ ਵਿਦਿਆਰਥੀ ਜਾਂ ਪੇਸ਼ੇਵਰ ਬਣਾਂਗੇ, ਸਗੋਂ ਵਧੀਆ ਇਨਸਾਨ ਵੀ ਬਣਾਂਗੇ।

ਅੱਜ ਦੇ ਤੇਜ਼ੀ ਨਾਲ ਬਦਲਦੇ ਸੰਸਾਰ ਵਿੱਚ ਇਹ ਤਿੰਨ ਗੁਣ—ਸੁਣਨਾ, ਸਮਝਣਾ ਅਤੇ ਸੰਵਾਦ—ਹੀ ਅਸਲ ਗਿਆਨ ਦੀ ਕੁੰਜੀ ਹਨ। ਜੋ ਵਿਅਕਤੀ ਇਨ੍ਹਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ, ਉਹ ਨਿਰੰਤਰ ਸਿੱਖਦਾ ਹੈ, ਤਰੱਕੀ ਕਰਦਾ ਹੈ ਅਤੇ ਸਮਾਜ ਲਈ ਵੀ ਇੱਕ ਸਕਾਰਾਤਮਕ ਪ੍ਰੇਰਣਾ ਬਣਦਾ ਹੈ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ, ਇੰਡਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

# ਸੇਵਾ ਹੀ ਸਭ ਤੋਂ ਵੱਡਾ ਧਰਮ ਹੈ






ਜੀਵਨ ਕੁਮਾਰ 'ਜੀਵਨ'
ਲੇਖਕ

**ਜ਼ਿੰਦਗੀ** ਵਿੱਚ ਜੇਕਰ ਵੱਧ ਤੋਂ ਵੱਧ ਖੁਸ਼ੀ ਪ੍ਰਾਪਤ ਕਰਨੀ ਹੈ ਤਾਂ ਇਸਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਦੂਜਿਆਂ ਦੀ ਖੁਸ਼ੀ ਨੂੰ ਵੀ ਆਪਣੀ ਖੁਸ਼ੀ ਸਮਝੋ ਅਤੇ ਉਸ ਖੁਸ਼ੀ ਵਿੱਚ ਦਿਲੋਂ ਅਤੇ ਆਤਮਾ ਨਾਲ ਸ਼ਾਮਲ ਹੋਵੋ। ਇਸ ਤਰ੍ਹਾਂ ਤੁਸੀਂ ਇੱਕ ਜ਼ਿੰਦਾ-ਦਿਲ ਇਨਸਾਨ ਬਣਨ ਵੱਲ ਕਦਮ-ਦਰ-ਕਦਮ ਵਧਦੇ ਹੋ।

ਈਰਖਾ, ਸਾੜਾ, ਨਫ਼ਰਤ ਅਤੇ ਗੁੱਸਾ ਅਜਿਹੇ ਮਨੋਭਾਵ ਹਨ ਜੋ ਸਭ ਤੋਂ ਵੱਧ ਨੁਕਸਾਨ ਸਾਨੂੰ ਆਪ ਨੂੰ ਹੀ ਪਹੁੰਚਾਉਂਦੇ ਹਨ। ਜਿਸ ਵਿਅਕਤੀ ਪ੍ਰਤੀ ਅਸੀਂ ਇਹ ਭਾਵਨਾਵਾਂ ਪ੍ਰਗਟ ਕਰਦੇ ਹਾਂ, ਉਸ ਉੱਤੇ ਇਨ੍ਹਾਂ ਦਾ ਸ਼ਾਇਦ ਕੋਈ ਖ਼ਾਸ ਪ੍ਰਭਾਵ ਨਾ ਪਵੇ, ਪਰ ਅਸੀਂ ਆਪਣੇ ਆਪ ਨੂੰ ਇੱਕ ਚੰਗੇ ਇਨਸਾਨ ਦੀ ਪਛਾਣ ਤੋਂ ਦੂਰ ਕਰ ਲੈਂਦੇ ਹਾਂ।

ਜ਼ਿੰਦਗੀ ਦੇ ਹਰ ਕੰਮ ਵਿੱਚ ਆਨੰਦ ਲੈਣਾ ਵੀ ਇੱਕ ਕਲਾ ਹੈ, ਜੋ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਆਪਣੀ ਸੋਚ ਨੂੰ ਕਦੇ ਵੀ ਨਕਾਰਾਤਮਕ ਨਾ ਹੋਣ ਦਿਓ। ਜੋ ਮਨੁੱਖ ਸਕਾਰਾਤਮਕ ਸੋਚ ਨਾਲ ਅੱਗੇ ਵਧਦਾ ਹੈ, ਉਹ ਕਾਮਯਾਬੀ ਵੱਲ ਕਦਮ-ਦਰ-ਕਦਮ ਵਧਦਾ ਚਲਾ ਜਾਂਦਾ ਹੈ। ਯਾਦ ਰੱਖੋ, ਪੱਥਰ ਹਮੇਸ਼ਾ ਉਸੇ ਰੁੱਖ ਉੱਤੇ ਵੱਜਦੇ ਹਨ ਜਿਸ ਉੱਤੇ ਫਲ ਲੱਗੇ ਹੁੰਦੇ ਹਨ।

ਜੋ ਵੀ ਤੁਹਾਡੀ ਮਦਦ ਲੈਣਾ ਚਾਹੁੰਦਾ ਹੈ, ਉਸਦੀ ਹਮੇਸ਼ਾ ਮਦਦ ਕਰੋ, ਫਿਰ ਭਾਵੇਂ ਉਹ ਤੁਹਾਡਾ ਕਿੰਨਾ ਵੀ ਅਜ਼ੀਜ਼ ਕਿਉਂ ਨਾ ਹੋਵੇ। ਮਦਦ ਇਸ ਤਰ੍ਹਾਂ ਕਰੋ ਕਿ ਇੱਕ ਹੱਥ ਨਾਲ ਕੀਤੀ ਮਦਦ ਦੀ ਖ਼ਬਰ ਦੂਜੇ ਹੱਥ ਨੂੰ ਵੀ ਨਾ ਹੋਵੇ। ਆਪਣੀ ਕੀਤੀ ਹੋਈ ਮਦਦ ਦਾ ਕਦੇ ਵੀ ਢੰਡੋਰਾ ਨਾ ਪਿੱਟੋ। ਮਹਾਨ ਆਦਮੀ ਬਣਨਾ ਆਪਣੀ ਮੰਜ਼ਿਲ ਨਾ ਬਣਾਓ। ਬਸ ਕਰਮ ਨੂੰ ਪੂਜਾ ਮੰਨ ਕੇ ਕਰਦੇ ਜਾਓ; ਤੁਸੀਂ ਆਪਣੀਆਂ ਹੀ ਨਜ਼ਰਾਂ ਵਿੱਚ ਮਹਾਨ ਹੋ ਜਾਵੋਗੇ। ਦੁਨੀਆਂ ਵਿੱਚ ਅੱਜ ਤੱਕ ਜਿੰਨੀਆਂ ਵੀ ਮਹਾਨ ਸ਼ਖ਼ਸੀਅਤਾਂ ਹੋਈਆਂ ਹਨ, ਉਨ੍ਹਾਂ ਦਾ ਟੀਚਾ ਕਦੇ ਵੀ ਮਹਾਨ ਬਣਨਾ ਨਹੀਂ ਸੀ। ਉਨ੍ਹਾਂ ਨੇ ਮਨੁੱਖੀ ਸੇਵਾ ਨੂੰ ਹੀ ਆਪਣਾ ਪਹਿਲਾ ਟੀਚਾ ਬਣਾਇਆ ਅਤੇ ਆਪਣੇ ਆਪ ਨੂੰ ਉਸ ਟੀਚੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ। ਹਰ ਮਨੁੱਖ ਵਿੱਚ ਸੇਵਾ ਕਰਨ ਦੀ ਭਰਪੂਰ ਤਾਕਤ ਹੈ, ਭਾਵੇਂ ਉਸਦਾ ਪਿਛੋਕੜ ਕੁਝ ਵੀ ਹੋਵੇ। ਗੱਲ ਸਿਰਫ਼ ਆਪਣੇ ਆਪ ਉੱਤੇ ਵਿਸ਼ਵਾਸ ਕਰਨ ਦੀ ਹੈ। ਜੇਕਰ ਤੁਸੀਂ ਸੇਵਾ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਫ਼ਕੀਰ ਬਣ ਕੇ ਵੀ ਸੇਵਾ ਕਰ ਸਕਦੇ ਹੋ, ਪਰ ਜੇਕਰ ਅਰਬਪਤੀ ਹੋ ਕੇ ਵੀ ਸੇਵਾ ਦੀ ਭਾਵਨਾ ਨਹੀਂ ਰੱਖਦੇ ਤਾਂ ਤੁਹਾਡੀ ਦੌਲਤ ਵੀ ਮਨੁੱਖੀ ਜੀਵਨ ਨੂੰ ਅਸਲ ਅਰਥ ਨਹੀਂ ਦੇ ਸਕਦੀ।

ਸੇਵਾ ਦਾ ਧਰਮ ਨਿਭਾਉਣ ਲਈ ਰੁਪਏ-ਪੈਸੇ ਦੀ ਨਹੀਂ, ਸਗੋਂ ਸਾਫ਼ ਨੀਅਤ ਅਤੇ ਵਿਸ਼ਵਾਸ ਦੀ ਲੋੜ ਹੁੰਦੀ ਹੈ। ਸੇਵਾ ਹਮੇਸ਼ਾ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਵੇ ਤਾਂ ਇਹ ਸ਼ਾਂਤੀ ਦੇ ਰੂਪ ਵਿੱਚ ਤੁਹਾਡੀ ਆਤਮਾ ਵਿੱਚ ਸਦਾ ਲਈ ਵਾਸ ਕਰੇਗੀ। ਪਰ ਜੇਕਰ ਤੁਸੀਂ ਮਨ ਵਿੱਚ ਕੋਈ ਇੱਛਾ ਰੱਖ ਕੇ ਸੇਵਾ ਕਰਦੇ ਹੋ ਤਾਂ ਇੱਕ ਦਿਨ ਜ਼ਰੂਰ ਦੁਖੀ ਹੋਵੋਗੇ।

ਇਨਸਾਨੀ ਜੀਵਨ ਵਿੱਚ ਆ ਕੇ ਜੋ ਹੱਥੀਂ ਸੇਵਾ ਨਹੀਂ ਕਰ ਪਾਉਂਦੇ, ਉਨ੍ਹਾਂ ਵਰਗਾ ਬਦਕਿਸਮਤ ਕੋਈ ਨਹੀਂ।

ਇਸ ਲਈ ਆਪਣੇ ਜੀਵਨ ਦੇ ਇੱਕ ਹਿੱਸੇ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸੇਵਾ ਪ੍ਰਤੀ ਜ਼ਰੂਰ ਸਮਰਪਿਤ ਕਰਕੇ ਦੇਖੋ। ਤੁਹਾਨੂੰ ਜ਼ਿੰਦਗੀ ਜਿਉਣ ਦਾ ਮਕਸਦ ਆਪਣੇ ਆਪ ਮਿਲ ਜਾਵੇਗਾ ਅਤੇ ਤੁਸੀਂ ਜ਼ਿੰਦਗੀ ਪ੍ਰਤੀ ਹਮੇਸ਼ਾ ਆਸ਼ਾਵਾਦੀ ਰਹੋਗੇ। ਸੇਵਾ ਹੀ ਸਭ ਤੋਂ ਵੱਡਾ ਧਰਮ ਹੈ।

## ਵਿਚਾਰ



**ਦਰਸ਼ਨ...**

'ਓਹ' ਦੇ ਦਰਸ਼ਨ ਪਾਉਣਾ ਸਭ ਦੀ ਇਛੈ ਪਰ 'ਓਹ' ਦਰਸ਼ਨ ਕਿਸਨੂੰ ਅਤੇ ਕਦੋਂ ਦਿੰਦੈ ? ਅੱਜ ਤੱਕ ਰਾਜ਼ ਹੀ ਰਿਹੈ॥ਜੋ ਧਿਆਈਐ ਸੋ ਹੀ ਪਾਈਐ॥ ਪ੍ਰਾਕਿਰਤੀ ਦੇ ਦਰਸ਼ਨ ਕਰਨੇ ਸਿੱਖ ਲਓ ਬਾਕੀ ਸਭ ਦਰਸ਼ਨਾਂ ਦੀ ਤਾਂਘ ਹੀ ਮੁੱਕ ਜਾਂਦੀ ਹੈ। ਰੱਬ ਤੇਰੀ ਕੁਦਰਤ॥ ਖ਼ੁੱਦ ਦੇ ਦਰਸ਼ਨ ਕਰਨ ਦਾ ਦਰਸ਼ਨ ਸ਼ਾਸਤਰ ਪੜਨ ਲੱਗੋ ਤਾਂ ਬੰਦਾ ਖ਼ੁੱਦ ਅੰਦਰ ਹੀ ਵੜਦਾ ਜਾਂਦੈ। ਖ਼ੁੱਦ ਦੀ ਫਰੋਲਾ ਫਰਾਲੀ ਕਰਾਂਗੇ ਤਾਂ ਹਲਕੇ ਹੁੰਦੇ ਜਾਵਾਂਗੇ॥

**ਤੱਪੜ...**

ਦੁੱਜਿਆਂ ਦੇ ਤੱਪੜ ਰੋਲਣ ਦਾ ਸੁਆਦ ਹੰਕਾਰੀ ਬੰਦੇ ਨੂੰ ਅਕਸਰ ਕੁਰਾਹੇ ਪਾਈ ਰਖਦੈ। ਬਚਕੇ ਮੋੜ ਤੋਂ॥ ਤੱਪੜ ਨਾ ਬਣੋ। ਤੱਪੜ ਬੰਦਾ ਖ਼ੁੱਦ ਲਈ ਵੀ ਨਿਕੰਮਾਂ ਹੀ ਸਾਬਤ ਹੁੰਦੈ। ਖ਼ੁੱਦ ਨੂੰ ਕਾਰਜਸ਼ੀਲ ਰੱਖੋ, ਸਰਬੱਤ ਦੇ ਭਲੇ ਹਿੱਤ ਸੋਚਦਿਆਂ ਚਿੰਤਨ ਦਾ ਪੱਲਾ ਕਦੀ ਨਾ ਛੱਡੋ॥ ਤੱਪੜ ਮਾਰਕਾ ਸਕੂਲਾਂ 'ਚ ਪੜਿਆਂ 'ਚ ਟੇਲੈਂਟ ਦੀ ਕਮੀ ਨਹੀਂ ਹੁੰਦੀ। ਔਖੇ ਵਕਤਾਂ ਦਾ ਤਜ਼ਰਬਾ ਜ਼ਿੰਦਗੀ ਨੂੰ ਸੇਧ ਦੇ ਹੀ ਜਾਂਦੈ। ਤਮੰਨਾ ਕਾਇਮ ਰਹੇ ਤਾਂ ਹਾਲਾਤ ਕਦੀ ਭਾਰੂ ਨਹੀਂ ਪੈ ਸਕਦੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

## ਕਵਿਤਾ-ਇਬਾਦਤ ਦਾ ਪੱਜ



ਸਾਨੂੰ ਤੱਕ ਕੇ ਵੀ ਕਿਸੇ ਦਾ ਹੱਜ ਹੋਵੇ ਰੱਬਾ
ਰੂਹ ਦਾ ਸਕੂਨ ਕਿਸੇ ਦਾ ਤਾਂ ਰੱਜ ਹੋਵੇ ਰੱਬਾ
ਜਿਸ ਘੜੀ ਬੱਦਲਾਂ ਦੀ ਪਿਆਸ ਮਿਟਣੀ
ਤਾਰੀਖ ਵੀ ਤੇ ਦਿਨ ਵੀ ਉਹ ਅੱਜ ਹੋਵੇ ਰੱਬਾ
ਆਵਾਂ ਲੱਖ ਚੁਰਾਸੀ ਜਾਂ ਕਰੋੜੀ ਦੁਨੀਆਂ 'ਤੇ
ਉਹਦੇ ਨਾਲ ਲੇਖ ਮੇਰਾ ਬਸ ਬੱਝ ਹੋਵੇ ਰੱਬਾ
ਭਾਅ ਜਾਵਾਂ ਉਹਨੂੰ ਪੂਰੀ ਦੁਨੀਆਂ ਦੇ ਵਿਚੋਂ
ਅੰਦਰੋਂ ਬਾਹਰੋਂ ਬਸ ਇੰਨਾ ਕੁ ਸੱਜ ਹੋਵੇ ਰੱਬਾ
ਚੇਤੇ ਕਰਾਂ ਉਹਨੂੰ ਜਾ ਮੰਦਿਰ ਮਸਜਿਦ ਦੁਆਰੇ
ਲੋਕਾਂ ਮੂਹਰੇ ਇਬਾਦਤ ਦਾ ਪੱਜ ਹੋਵੇ ਰੱਬਾ
ਮੌਜ ਵਿੱਚ ਹੋਵੇ ਤਾਂ ਉਹ ਆਪ ਵੀ ਬੁਲਾ ਲੈਂਦਾ
ਮੇਰੇ ਪੈਰਾਂ ਤੋਂ ਮਨ ਨਾਲੋਂ ਤੇਜ਼ ਨਾ ਭੱਜ ਹੋਵੇ ਰੱਬਾ
ਹਿਸਾਬ ਹੋਵੇ ਚੰਗਾ ਜਾਂ ਮਾੜਾ ਕਰਮਾਂ ਦਾ
ਪਰ ਸਾਹਵੇਂ ਮੇਰੇ ਤੂੰਹੀਓ ਜੱਜ ਹੋਵੇ ਰੱਬਾ
ਕਰਮਾਂ ਦਾ ਲੇਖਾ ਜੋਖਾ ਕਰ ਲਵੀਂ ਭਾਵੇਂ
ਪਰ ਪਰਦਾ ਹਰ ਕਿਸੇ ਦਾ ਕੱਜ ਹੋਵੇ ਰੱਬਾ
ਮਨਾ ਲਈਏ ਕਿਸੇ ਨੂੰ ਆਪਾਂ ਖ਼ੁਦ ਰੁੱਸ ਕੇ
ਕੋਈ ਐਸਾ 'ਨਵ' ਚ ਵੀ ਚੱਜ ਹੋਵੇ ਰੱਬਾ

-ਅਨੀਤਾ 'ਨਵ' ਵਸ਼ਿਸ਼ਟ

# ਪਿੰਡਾਂ ਦੇ ਵਿਕਾਸ ਨੂੰ ਸਰਵਉੱਚ ਤਰਜ਼ੀਹ ਦੇ ਰਹੀ ਹੈ ਸੂਬਾ ਸਰਕਾਰ : ਨਾਇਬ ਸਿੰਘ ਸੈਣੀ

**ਪੈ.ਗਾਮ-ਏ-ਜਗਤ**
**ਚੰਡੀਗੜ੍ਹ, 7 ਅਕਤੂਬਰ (ਹਰਮਿੰਦਰ ਸਿੰਘ ਨਾਗਪਾਲ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਸੂਬਾ ਸਰਕਾਰ ਪਿੰਡਾਂ ਦੇ ਵਿਕਾਸ ਨੂੰ ਸਰਵਉੱਚ ਤਰਜੀਹ ਦੇ ਰਹੀ ਹੈ। ਸਰਕਾਰ ਦਾ ਟੀਚਾ ਸੂਬੇ ਦੇ ਪਿੰਡਾਂ ਦਾ ਵਿਕਾਸ ਸ਼ਹਿਰਾਂ ਦੀ ਤਰਜ ਉੱਤੇ ਵਿਕਸਤ ਕਰਨਾ ਹੈ। ਪਿੰਡਾਂ ਵਿੱਚ ਵੀ ਸ਼ਹਿਰਾਂ ਵਰਗੀਆਂ ਸਾਰੀਆਂ ਬੁਨਿਆਦੀ ਸਹੂਲਤਾਂ ਜਿਵੇਂ ਕਿ ਪੱਕੀਆਂ ਗਲੀਆਂ, ਨਾਲੀਆਂ, ਸਾਫ਼ ਪੀਣ ਵਾਲਾ ਪਾਣੀ, ਗਲੀਆਂ ਲਾਈਟਾਂ, ਪਾਰਕ, ਈ-ਲਾਇਬ੍ਰੇਰੀਆਂ ਅਤੇ ਤਾਲਾਬਾਂ ਦਾ ਸੁੰਦਰੀਕਰਨ ਉਪਲਬਧ ਕਰਵਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਬੁੱਧਵਾਰ ਨੂੰ ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਆਪਣੇ ਜੱਦੀ ਪਿੰਡ ਮੰਗੌਲੀ ਜਾਟਾਂ ਦਾ ਦੌਰਾ ਕੀਤਾ। ਦੌਰੇ ਦੌਰਾਨ ਮੁੱਖ ਮੰਤਰੀ ਨੇ ਪਿੰਡ ਦੇ ਤਾਲਾਬ ਦਾ ਵਿਸਤ੍ਰਿਤ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਕੁਮਾਰ ਮੀਣਾ ਨੂੰ ਤਾਲਾਬ ਦਾ ਸੁੰਦਰੀਕਰਨ ਕਰਨ ਦੇ ਨਿਰਦੇਸ਼ ਦਿੱਤੇ ਅਤੇ ਇਸ ਲਈ ਇੱਕ ਵਿਸਤ੍ਰਿਤ ਕਾਰਜ ਯੋਜਨਾ ਤਿਆਰ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਉੱਥੇ ਮੌਜੂਦ ਪਿੰਡ ਵਾਸੀਆਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਤੋਂ ਬਾਅਦ ਮੁੱਖ ਮੰਤਰੀ ਪੈਦਲ ਹੀ ਤਾਲਾਬ ਵਾਲੀ ਥਾਂ 'ਤੇ ਪਹੁੰਚੇ। ਪਿੰਡ ਵਾਸੀਆਂ ਨੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਤਾਲਾਬ ਦੇ ਕੋਲ ਮਿੱਟੀ ਭਰਾਈ ਅਤੇ ਇੱਕ ਸ਼ੈੱਡ ਦਾ ਨਿਰਮਾਣ ਕਾਰਜ ਗ੍ਰਾਮ ਪੰਚਾਇਤ ਵੱਲੋਂ ਕਰਵਾਇਆ ਗਿਆ ਹੈ, ਪਰ ਅਜੇ ਵੀ ਇਸ ਥਾਂ ਉੱਤੇ ਸਾਫ਼-ਸਫ਼ਾਈ, ਸੁੰਦਰੀਕਰਨ ਅਤੇ ਬੈਠਣ ਦੇ ਯੋਗ ਪ੍ਰਬੰਧਾਂ ਦੀ ਘਾਟ ਹੈ। ਬਰਸਾਤ ਦੇ ਦਿਨਾਂ ਵਿੱਚ ਇੱਥੇ ਪਾਣੀ ਭਰਨ ਦੀ ਸਮੱਸਿਆ ਵੀ ਬਣੀ ਰਹਿੰਦੀ ਹੈ, ਜਿਸ ਨਾਲ ਆਸ-ਪਾਸ ਦੇ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਤਾਲਾਬ ਦੀ ਪੂਰੀ ਤਰ੍ਹਾਂ ਸਾਫ਼-ਸਫ਼ਾਈ ਕਰਵਾਈ ਜਾਵੇ। ਤਾਲਾਬ ਦੇ ਚਾਰੋਂ ਪਾਸੇ ਮਜ਼ਬੂਤ ਚਾਰਦੀਵਾਰੀ ਦਾ ਨਿਰਮਾਣ ਕਰਵਾਇਆ ਜਾਵੇ। ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ ਅਤੇ ਜਲਦੀ ਤੋਂ ਜਲਦੀ ਕੰਮ ਸ਼ੁਰੂ ਕਰਵਾਇਆ ਜਾਵੇ।

## ਪੰਜਾਬ ਦੇ ਵੈਰੀ



ਆਓ ਇਹਨਾਂ ਦਿਆਂ ਚਿਹਰਿਆਂ ਤੋਂ ਲਾਹ
ਦੇਈਏ ਨਕਾਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ, ਉਜਾੜ ਗਏ
ਪੰਜਾਬ ਨੂੰ।
ਸਾਡੇ ਚਿਹਰਿਆਂ ਦੀ ਲਾਲੀ ਵੇਚ, ਚਿੱਟਾ ਦੇ ਗਏ
ਸਾਨੂੰ।
ਅਸੀਂ ਰੰਗਾਂ ਦੇ ਸ਼ੌਕੀਨ,ਉਹ ਰੰਗ ਫਿੱਕਾ ਦੇ ਗਏ
ਸਾਨੂੰ।
ਖੌਰੇ ਕੱਢਿਆ ਏ ਵੈਰ ਕਿਹੜਾ,ਪੈਰੀਂ ਰੋਲ੍ਹ ਕੇ ਗ਼ੁਲਾਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ,ਉਜਾੜ ਗਏ ਪੰਜਾਬ ਨੂੰ।
ਸੀ ਇਹ ਯੋਧਿਆਂ ਦੀ ਭੂਮੀ, ਕਿਉਂ ਨਸ਼ੇੜੀ ਪੈਦਾ ਹੋ ਗਏ।
ਜੋ ਆਨਾਂ ਇੱਜ਼ਤਾਂ ਦੇ ਰਾਖੇ, ਧੂੰਏਂ ਨਸ਼ੇ ਦੇ 'ਚ ਖੋਹ ਗਏ।
ਛੱਡ ਤੇਰਾ ਨਾਨਕਾ ਸੁਨੇਹਾ, ਪਾਇਆ ਗਲ? 'ਚ ਅਜ਼ਾਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ, ਉਜਾੜ ਗਏ ਪੰਜਾਬ ਨੂੰ।
ਜੋ ਸੀ ਸੱਥਾਂ ਵਿੱਚ ਬੈਠੇ ਜਾ ਕੇ ਸੱਥਰਾਂ 'ਤੇ ਬਹਿ ਗਏ।
ਜਿਹਨਾਂ ਚਾਅ ਸੀ ਮਨਾਉਣੇ,ਬੱਸ ਰੋਣ ਜੋਗੇ ਰਹਿ ਗਏ।
ਕੌਣ ਸਾਜ਼ਿਸ਼ਾਂ ਨਾਲ ਤੋੜ ਗਿਆ ਰੰਗਲੇ ਖ਼ੁਆਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ, ਉਜਾੜ ਗਏ ਪੰਜਾਬ ਨੂੰ।
'ਪਾਲੀ' ਮਾਰ ਨਸ਼ੇ ਨੇ ਮੁਕਾਏ ਪੁੱਤ ਸਾਡੇ ਛੇ -ਛੇ ਫੁੱਟੇ।
ਮਾਂਵਾਂ ਮਾਰਦੀਆਂ ਧਾਹਾਂ ਵੇਖ ਡਿੱਗੇ ਰੂੜੀਆਂ ਦੇ ਉੱਤੇ।
ਕੌਣ ਮੋੜੂ ਨੱਥ ਪਾ ਕੇ ਹਾਲਾਤ ਇਹ ਖ਼ਰਾਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ, ਉਜਾੜ ਗਏ ਪੰਜਾਬ ਨੂੰ।
ਆਓ ਇਹਨਾਂ ਦਿਆਂ ਚਿਹਰਿਆਂ ਤੋਂ ਲਾਹ ਦੇਈਏ ਨਕਾਬ ਨੂੰ।
ਵੈਰੀ ਆਪਣੇ ਸਵਾਰਥਾਂ ਲਈ, ਉਜਾੜ ਗਏ ਪੰਜਾਬ ਨੂੰ।

-ਪਾਲੀ ਸਾਧੋਵਾਲ

# ਸ਼ਰੂਤੀ ਚੌਧਰੀ ਦੀ ਅਫ਼ਸਰਾਂ ਨੂੰ ਹਿਦਾਇਤ : ਮੰਡੀ ਵਿੱਚ ਗੇਟ ਪਾਸ ਤੋਂ ਲੈ ਕੇ ਫਸਲ ਭੁਗਤਾਨ ਤੱਕ ਕਿਸਾਨਾਂ ਨੂੰ ਨਾ ਹੋਵੇ ਕੋਈ ਪਰੇਸ਼ਾਨੀ

**ਪੈ.ਗਾਮ-ਏ-ਜਗਤ/ਚੰਡੀਗੜ੍ਹ**
**7 ਅਕਤੂਬਰ (ਹਰਮਿੰਦਰ ਸਿੰਘ ਨਾਗਪਾਲ)**

ਹਰਿਆਣਾ ਦੀ ਸਿੰਚਾਈ ਅਤੇ ਜਲ ਸਰੋਤ ਅਤੇ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼੍ਰੀਮਤੀ ਸ਼ਰੂਤੀ ਚੌਧਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀ ਵਿੱਚ ਫ਼ਸਲ ਵੇਚਣ ਆਉਣ ਵਾਲੇ ਕਿਸਾਨਾਂ ਨੂੰ ਗੇਟ ਪਾਸ ਤੋਂ ਲੈ ਕੇ ਫ਼ਸਲ ਖਰੀਦ, ਮਾਪ-ਤੋਲ, ਉਠਾਨ ਅਤੇ ਫ਼ਸਲ ਦੀ ਕੀਮਤ ਦੇ ਭੁਗਤਾਨ ਤੱਕ ਕਿਸੇ ਵੀ ਪੱਧਰ 'ਤੇ ਮੁਸ਼ਕਲ ਨਹੀਂ ਹੋਣੀ ਚਾਹੀਦੀ। ਸ਼?ਰੀਮਤੀ ਸ਼ਰੁਤੀ ਚੌਧਰੀ ਨੇ ਅੱਜ ਭਿਵਾਨੀ ਅਨਾਜ ਮੰਡੀ ਦਾ ਦੌਰਾ ਕਰਕੇ ਫ਼ਸਲ ਖਰੀਦ ਅਤੇ ਕਿਸਾਨਾਂ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਮੰਡੀ ਵਿੱਚ ਇੱਕ ਕਿਸਾਨ ਦੇ ਗੇਟ ਪਾਸ ਦੀ ਬਾਇਓਮੈਟ੍ਰਿਕ ਪ੍ਰਕਿਰਿਆ ਖ਼ੁਦ ਕਰਵਾ ਕੇ ਪੂਰੀ ਵਿਵਸਥਾ ਦੀ ਜਾਂਚ ਕੀਤੀ। ਉਨ੍ਹਾਂ ਮੰਡੀ ਵਿੱਚ ਫ਼ਸਲ ਵਿੱਚ ਨਮੀ ਦੀ ਜਾਂਚ, ਖਰੀਦ ਪ੍ਰਕਿਰਿਆ ਅਤੇ ਹੋਰ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਫ਼ਸਲ ਖਰੀਦ ਦੀ ਪੂਰੀ ਪ੍ਰਕਿਰਿਆ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਯਕੀਨੀ ਬਣਾਈ ਜਾਵੇ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਿੰਚਾਈ ਅਤੇ ਜਲ ਸਰੋਤ ਮੰਤਰੀ ਨੇ ਮੰਡੀ ਵਿੱਚ ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਢੁਕਵੀਂ ਵਿਵਸਥਾ ਬਣਾਏ ਰੱਖਣ ਅਤੇ ਪਖਾਨਿਆਂ ਦੀ ਸਫ਼ਾਈ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਖਰੀਦ ਸੀਜ਼ਨ ਦੌਰਾਨ ਕੈਂਟੀਨ ਰੈਗੂਲਰ ਰੂਪ ਵਿੱਚ ਚਲਾਉਣ ਅਤੇ ਕਿਸਾਨਾਂ ਨੂੰ ਸਾਫ਼-ਸੁਥਰਾ, ਪੌਸ਼ਟਿਕ ਅਤੇ ਗੁਣਵੱਤਾਪੂਰਨ ਭੋਜਨ ਮੁਹੱਈਆ ਕਰਵਾਉਣ ਲਈ ਕਿਹਾ। ਉਨ੍ਹਾਂ ਅਧਿਕਾਰੀਆਂ ਨੂੰ ਮੰਡੀ ਦੇ ਪ੍ਰਬੰਧਾਂ ਦੀ ਰੈਗੂਲਰ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਨਾਲ ਸਤਿਕਾਰਯੋਗ ਵਿਵਹਾਰ ਕੀਤਾ ਜਾਵੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।

## ਸ.ਫ਼ਾ 1 ਦਾ ਬਾਕੀ...

**ਸੀਐਮ ਤੋਂ ਪੀਐਮ...**

ਕਿ ਜਦੋਂ ਉਹ ਪਿੱਛੇ ਮੁੜ ਕੇ ਦੇਖਦੇ ਹਨ ਤਾਂ ਉਨ੍ਹਾਂ ਅੰਦਰ ਕ੍ਰਿਤੱਗਤਾ ਦਾ ਭਾਵ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹਰ ਘਟਨਾ ਨੇ ਉਨ੍ਹਾਂ ਨੂੰ ਕੁਝ ਨਾ ਕੁਝ ਸਿਖਾਇਆ ਅਤੇ ਨਿਮਰ ਰਹਿਣ ਦੀ ਸਿੱਖ ਦਿੱਤੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਤਕਨਾਲੋਜੀ, ਖੇਡਾਂ ਅਤੇ ਉਦਯੋਗ ਸਮੇਤ ਹਰ ਖੇਤਰ ਵਿੱਚ ਅੱਗੇ ਰਹਿਣ ਦਾ ਟੀਚਾ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਭਰ ਵਿੱਚ ਭਾਰਤੀ ਪਾਇਲਟਾਂ ਦੀ ਚਰਚਾ ਹੁੰਦੀ ਹੈ ਅਤੇ ਉਹ ਦਿਨ ਵੀ ਆਵੇਗਾ ਜਦੋਂ ਦੁਨੀਆ 'ਮੇਡ ਇਨ ਇੰਡੀਆ' ਜਹਾਜ਼ਾਂ ਦੀ ਗੱਲ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਦੂਰਦਰਸ਼ੀ ਨੀਤੀਆਂ ਅਤੇ ਸਖ਼ਤ ਮਿਹਨਤ ਦੀ ਲੋੜ ਹੈ। ਮੋਦੀ ਨੇ ਕਿਹਾ ਕਿ ਹੁਣ ਆਰਾਮ ਕਰਨ ਦਾ ਸਮਾਂ ਨਹੀਂ, ਸਗੋਂ ਸੋਚ-ਸਮਝ ਕੇ ਅੱਗੇ ਵਧਣ ਅਤੇ ਦੇਸ਼ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਸਮਾਂ ਹੈ। ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਲਈ ਮਿਲੇ ਇਸ ਮੌਕੇ ਨੂੰ ਨਾ ਗੁਆਉਣ ਦੀ ਅਪੀਲ ਕੀਤੀ। ਮੋਦੀ ਨੇ ਭਾਰਤ ਦੇ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਨੇ ਕਈ ਮੁਸ਼ਕਲ ਦੌਰ ਦੇਖੇ ਹਨ। ਉਨ੍ਹਾਂ ਕਿਹਾ ਕਿ ਇੱਕ ਸਮੇਂ ਭਾਰਤ ਵਿਸ਼ਵ ਦੀ ਅਰਥਵਿਵਸਥਾ ਦੀ ਅਗਵਾਈ ਕਰਦਾ ਸੀ, ਪਰ ਗੁਲਾਮੀ ਦੇ ਦੌਰ ਵਿੱਚ ਦੇਸ਼ ਨੂੰ ਲੁੱਟਿਆ ਗਿਆ ਅਤੇ ਕਈ ਵੱਡੀਆਂ ਤਬਾਹੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਅਕਾਲ ਅਤੇ ਹੋਰ ਕਈ ਸੰਕਟਾਂ ਦੇ ਬਾਵਜੂਦ ਭਾਰਤ ਦੇ ਲੋਕਾਂ ਦਾ ਹੌਸਲਾ ਨਹੀਂ ਟੁੱਟਿਆ। ਉਨ੍ਹਾਂ ਦੇਸ਼ ਦੇ ਪ੍ਰਾਚੀਨ ਗੌਰਵ ਨੂੰ ਮੁੜ ਸਥਾਪਿਤ ਕਰਨ ਲਈ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

**ਭਾਜਪਾ ਦਾ ਕੰਮ...**

ਨੂੰ ਤੰਗ-ਪਰੇਸ਼ਾਨ ਕਰਨਾ ਭਾਜਪਾ ਦਾ ਪੁਰਾਣਾ ਹਥਿਆਰ ਹੈ। ਮਾਨ ਨੇ ਪਿਛਲੀਆਂ ਘਟਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ, 'ਛੱਤੀਸਗੜ੍ਹ ਵਿੱਚ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਹੇਮੰਤ ਸੋਰੇਨ ਦੀ ਰਿਹਾਇਸ਼ 'ਤੇ ਛਾਪਾ ਮਾਰਿਆ ਗਿਆ ਸੀ। ਇਸੇ ਤਰ੍ਹਾਂ ਪੱਛਮੀ ਬੰਗਾਲ 'ਚ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜੀ ਦੇ ਨਜ਼ਦੀਕੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ।' ਉਨ੍ਹਾਂ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਅਤੇ ਹਰਿਆਣਾ ਚੋਣਾਂ ਤੋਂ ਪਹਿਲਾਂ ਕਾਂਗਰਸੀ ਆਗੂਆਂ 'ਤੇ ਈਡੀ ਦੇ ਛਾਪਿਆਂ ਦਾ ਜ਼ਿਕਰ ਕਰਦਿਆਂ ਇਸ ਨੂੰ ਸੱਤਾ ਦੀ ਦੁਰਵਰਤੋਂ ਕਰਾਰ ਦਿੱਤਾ।

ਮੁੱਖ ਮੰਤਰੀ ਨੇ ਕਿਹਾ, 'ਕੱਲ੍ਹ ਦੀ ਛਾਪੇਮਾਰੀ ਤੋਂ ਸਾਫ਼ ਪਤਾ ਲੱਗਦਾ ਹੈ ਕਿ ਭਾਜਪਾ ਬੌਖਲਾ ਗਈ ਹੈ। 7-8 ਘੰਟੇ ਚੱਲੀ ਛਾਪੇਮਾਰੀ ਦੌਰਾਨ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਸਾਡੇ ਕੋਲੋਂ ਉਨ੍ਹਾਂ ਨੂੰ ਕੀ ਮਿਲੇਗਾ? ਅਸੀਂ ਇੱਥੇ ਭ੍ਰਿਸ਼ਟਾਚਾਰ ਕਰਨ ਨਹੀਂ ਆਏ।' ਆਮ ਆਦਮੀ ਪਾਰਟੀ ਦੇ ਆਗੂ ਨੇ ਚੁਟਕੀ ਲੈਂਦਿਆਂ ਕਿਹਾ ਕਿ ਹੋ ਸਕਦਾ ਹੈ ਹੁਣ ਸੀਬੀਆਈ ਉਨ੍ਹਾਂ ਨੂੰ ਕਲੀਨ ਚਿੱਟ ਦੇ ਦੇਵੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹੇ ਕਿ 'ਇੱਥੋਂ ਕੁਝ ਨਹੀਂ ਮਿਲਣਾ, ਸਾਡਾ ਸਮਾਂ ਬਰਬਾਦ ਨਾ ਕਰੋ।'

ਉਨ੍ਹਾਂ ਭਾਜਪਾ 'ਤੇ ਉਨ੍ਹਾਂ ਨੂੰ, ਉਨ੍ਹਾਂ ਦੇ ਪਰਿਵਾਰ ਅਤੇ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਮਾਨ ਨੇ ਕਿਹਾ, 'ਸਾਡੇ 'ਲੋਕ ਮਿਲਣੀ' ਪ੍ਰੋਗਰਾਮਾਂ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਪੁੱਜਦੇ ਹਨ, ਜਦਕਿ ਭਾਜਪਾ ਦੀ 'ਨਸ਼ਾ ਵਿਰੋਧੀ ਯਾਤਰਾ' ਸੁਪਰ ਫਲਾਪ ਸਾਬਤ ਹੋਈ ਹੈ।' ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਸੰਬਰ 2029 ਤੱਕ ਨਸ਼ਾ ਖ਼ਤਮ ਕਰਨ ਦੇ ਕੀਤੇ ਦਾਅਵੇ 'ਤੇ ਬੋਲਦਿਆਂ ਮਾਨ ਨੇ ਦੋਸ਼ ਲਾਇਆ ਕਿ ਨਸ਼ਾ ਗੁਜਰਾਤ ਤੋਂ ਰਾਜਸਥਾਨ ਦੇ ਰਸਤੇ ਪੰਜਾਬ ਆਉਂਦਾ ਹੈ ਅਤੇ ਇਹ ਦੋਵੇਂ ਰਾਜ ਭਾਜਪਾ ਸ਼ਾਸਤ ਹਨ। ਉਨ੍ਹਾਂ ਕਿਹਾ, 'ਤੁਹਾਨੂੰ ਦਿੱਲੀ ਅਤੇ ਗੁਜਰਾਤ ਵਿੱਚ ਨਸ਼ਾ ਖ਼ਤਮ ਕਰਨਾ ਚਾਹੀਦਾ ਹੈ। ਸਰਹੱਦ 'ਤੇ ਬੀਐੱਸਐੱਫ ਤਾਇਨਾਤ ਹੈ, ਜੋ ਅਮਿਤ ਸ਼ਾਹ ਦੇ ਅਧੀਨ ਆਉਂਦੀ ਹੈ।'

**ਭਗਵੰਤ ਮਾਨ ਨੇ...**

ਰਹੇ ਹਾਂ, ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਪੱਕੇ ਮਾਲਕੀ ਹੱਕ ਮਿਲ ਸਕਣ । ਸੀ.ਬੀ.ਆਈ ਦੀਆਂ ਰੇਡਾਂ ਸਿਰਫ਼ ਸਿਆਸੀ ਬੁਖਲਾਹਟ ਦਾ ਨਤੀਜਾ ਹਨ । ਸਾਨੂੰ ਡਰਾਉਣ ਜਾਂ ਬਦਨਾਮ ਕਰਨ ਦੀਆਂ ਇਨ੍ਹਾਂ ਕੋਝੀਆਂ ਚਾਲਾਂ ਤੋਂ ਅਸੀਂ ਡਰਨ ਵਾਲੇ ਨਹੀਂ । ਅਸੀਂ ਇੱਥੇ ਪੈਸਾ ਕਮਾਉਣ ਨਹੀਂ, ਪੰਜਾਬ ਦੀ ਸੇਵਾ ਕਰਨ ਆਏ ਹਾਂ ਅਤੇ ਪੰਜਾਬੀ ਕਦੇ ਧੱਕਾ ਬਰਦਾਸ਼ਤ ਨਹੀਂ ਕਰਦੇ।

**ਅੰਮ੍ਰਿਤਸਰ ਪੁਲਿਸ ਨੇ...**

ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਪੰਜਾਬ ਪੁਲਿਸ ਨਾਜਾਇਜ਼ ਹਥਿਆਰਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧਿਕ ਨੈੱਟਵਰਕਾਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਹਥਿਆਰਾਂ ਦੀ ਗ਼ੈਰ-ਕਾਨੂੰਨੀ ਸਪਲਾਈ ਤੇ ਵੰਡ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

**ਪਾਕਿਸਤਾਨ ਨਾਲ ਜੁੜੇ...**

ਜਾਣਕਾਰੀ ਦੇ ਆਧਾਰ 'ਤੇ ਰਾਤ 2 ਵਜੇ ਖੇਮਕਰਨ ਇਲਾਕੇ ਵਿੱਚੋਂ ਚਾਰ ਗ੍ਰਨੇਡ ਬਰਾਮਦ ਕੀਤੇ; ਇਨ੍ਹਾਂ ਨੂੰ ਡਰੋਨ ਰਾਹੀਂ ਪਾਕਿਸਤਾਨ ਤੋਂ ਤਸਕਰੀ ਕਰਕੇ ਲਿਆਂਦਾ ਗਿਆ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕ੍ਰਿਸ਼ਨਾ ਸਿੰਘ (ਪੁੱਤਰ ਲਾਭ ਸਿੰਘ) ਅਤੇ ਪ੍ਰਿੰਸਪਾਲ ਸਿੰਘ (ਪੁੱਤਰ ਕੰਵਲਜੀਤ ਸਿੰਘ) ਵਜੋਂ ਹੋਈ ਹੈ, ਜੋ ਦੋਵੇਂ ਪਿੰਡ ਧੁੰਨ ਦੇ ਰਹਿਣ ਵਾਲੇ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ, ਆਈ.ਐਸ.ਆਈ. ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਲਈ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨੂੰ ਨਿਸ਼ਾਨੇ ਸੌਂਪੇ ਹਨ।

**ਪਠਾਨਕੋਟ ਪੁਲਿਸ ਲਾਈਨ...**

ਡਿਵੀਜ਼ਨ ਨੰਬਰ-2 ਦੇ ਐੱਸਐੱਚਓ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਮੁਤਾਬਕ ਇਹ ਘਟਨਾ ਹਥਿਆਰ ਸਾਫ਼ ਕਰਦੇ ਸਮੇਂ ਅਚਾਨਕ ਗੋਲੀ ਚੱਲਣ ਕਾਰਨ ਵਾਪਰੀ ਹੈ। ਮ੍ਰਿਤਕ ਪੁਲਿਸ ਮੁਲਾਜ਼ਮ ਦੀ ਲਾਸ਼ ਨੂੰ ਸਰਕਾਰੀ ਜ਼ਿਲ੍ਹਾ ਹਸਪਤਾਲ 'ਚ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕੀਤੀ ਜਾਵੇਗੀ। ਪੁਲਿਸ ਨੇ ਧਾਰਾ 174 ਤਹਿਤ ਕਾਰਵਾਈ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰਿਆਂ ਵੱਲੋਂ ਘਟਨਾ ਦੇ ਸਾਰੇ ਪੱਖਾਂ ਦੀ ਜਾਂਚ ਕੀਤੀ ਜਾ ਰਹੀ ਹੈ।

**ਯੂ.ਪੀ ਵਿਚ 4...**

ਬਾਅਦ ਦੇਵਰੀਆ ਵਾਪਸ ਪਰਤ ਰਹੇ ਸਨ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਪਰਿਵਾਰਾਂ ਦਾ ਰੋ-ਰੋ ਬੁਰਾ ਹਾਲ ਹੈ। ਰਿਪੋਰਟਾਂ ਅਨੁਸਾਰ, ਛੇ ਖਿਡਾਰੀ ਇੱਕ 'ਅਰਟਿਗਾ' ਕਾਰ ਵਿੱਚ ਲਖਨਊ ਤੋਂ ਦੇਵਰੀਆ ਵੱਲ ਜਾ ਰਹੇ ਸਨ। ਅੱਜ ਸਵੇਰੇ, ਪੂਰਵਾਂਚਲ ਐਕਸਪ੍ਰੈਸਵੇਅ 'ਤੇ ਤੇਜ਼ ਰਫ਼ਤਾਰ ਕਾਰ ਅੱਗੇ ਜਾ ਰਹੇ ਇੱਕ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਅਤੇ ਚੀਕ-ਚਿਹਾੜੇ ਦੇ ਵਿਚਕਾਰ ਹਫੜਾ-ਦਫੜੀ ਮੱਚ ਗਈ। ਵਾਹਨ ਚਾਲਕਾਂ ਅਤੇ ਰਾਹਗੀਰਾਂ ਨੇ ਪੁਲਿਸ ਤੇ ਐਂਬੂਲੈਂਸ ਸੇਵਾਵਾਂ ਨੂੰ ਸੂਚਿਤ ਕੀਤਾ ਅਤੇ ਬਚਾਅ ਕਾਰਜ ਸ਼ੁਰੂ ਕੀਤੇ।

**ਸੀਬੀਆਈ ਟੀਮ ਦਾ ਸਵਾਗਤ...**

ਵਿੱਚ ਲਿਆ ਹੈ। ਇਹ ਘਟਨਾਕ੍ਰਮ ਉਸ ਦਿਨ ਵਾਪਰਿਆ ਹੈ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਸੰਗਰੂਰ ਦੇ ਦੌਰੇ 'ਤੇ ਸਨ। ਇਸ ਘਟਨਾ ਨੂੰ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਵਿਰੋਧੀ ਧਿਰਾਂ ਨਾਲ ਜੁੜੇ ਕੁਝ ਸਿਆਸੀ ਵਰਕਰਾਂ ਨੇ ਸੀਬੀਆਈ ਛਾਪੇ ਦਾ ਸਵਾਗਤ ਕੀਤਾ ਸੀ। ਸੰਗਰੂਰ ਪੁਲੀਸ ਨੇ ਮੰਗਲਵਾਰ ਸ਼ਾਮ ਨੂੰ ਛਾਪੇਮਾਰੀ ਦੌਰਾਨ ਸੀਬੀਆਈ ਦੀ ਗੱਡੀ 'ਤੇ ਫੁੱਲਾਂ ਦੀ ਵਰਖਾ ਕਰਨ ਵਾਲੇ ਦੋ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ। ਜ਼ਿਕਰਯੋਗ ਹੈ ਕਿ ਘੁੰਮਣ ਦੀ ਘਰਾਚੋਂ ਸਥਿਤ ਰਿਹਾਇਸ਼ 'ਤੇ ਸੀਬੀਆਈ ਦੀ ਤਲਾਸ਼ੀ ਅਭਿਆਨ ਮੰਗਲਵਾਰ ਸ਼ਾਮ ਨੂੰ ਸ਼ੁਰੂ ਹੋਇਆ ਸੀ। ਏਜੰਸੀ ਨੇ ਚੰਡੀਗੜ੍ਹ ਦੇ ਸੈਕਟਰ 2 ਸਥਿਤ ਮੁੱਖ ਮੰਤਰੀ ਦੇ ਕੈਂਪ ਦਫ਼ਤਰ ਵਜੋਂ ਵਰਤੀ ਜਾਂਦੀ ਇੱਕ ਕੋਠੀ (ਜਿੱਥੇ ਘੁੰਮਣ ਰਹਿ ਰਹੇ ਸਨ) ਤੋਂ ਇਲਾਵਾ ਮੁਹਾਲੀ, ਗੁਰਦਾਸਪੁਰ, ਲੁਧਿਆਣਾ, ਪਟਿਆਲਾ ਅਤੇ ਜਲੰਧਰ ਵਿੱਚ ਇਸ ਤਫ਼ਤੀਸ਼ ਨਾਲ ਜੁੜੇ ਹੋਰ ਵਿਅਕਤੀਆਂ ਦੇ ਟਿਕਾਣਿਆਂ ਦੀ ਵੀ ਤਲਾਸ਼ੀ ਲਈ ਹੈ।

**2 ਰੁਪਏ ਮਹਿੰਗੀ...**

ਦੀ ਕੀਮਤ ਹੁਣ 97.50 ਪ੍ਰਤੀ ਕਿਲੋਗ੍ਰਾਮ ਤੋਂ ਵੱਧ ਕੇ 99.50 ਪ੍ਰਤੀ ਕਿਲੋਗ੍ਰਾਮ ਹੋ ਗਈ ਹੈ। ਇਸ ਦੌਰਾਨ, ਖਾਣਾ ਪਕਾਉਣ ਲਈ ਵਰਤੀ ਜਾਣ ਵਾਲੀ ਪੀਐਨਜੀ ਗੈਸ ਦੀ ਕੀਮਤ 51.50 ਪ੍ਰਤੀ ਐਸਸੀਐਮ ਤੋਂ ਵੱਧ ਕੇ 53.50 ਪ੍ਰਤੀ ਐਸਸੀਐਮ ਹੋ ਗਈ ਹੈ, ਜਿਸ ਵਿੱਚ ਟੈਕਸ ਵੀ ਸ਼ਾਮਲ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਟੋਰੈਂਟ ਨੇ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਹੈ। ਮਈ ਵਿੱਚ ਵੀ PNG ਅਤੇ CNG ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਸੀ। ਹੁਣ, PNG ਅਤੇ CNG ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ 2 ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਸਦਾ ਮਤਲਬ ਹੈ ਕਿ ਜੈਪੁਰ ਵਿੱਚ ਜੋ ਲੋਕ PNG ਦੀ ਵਰਤੋਂ ਕਰਦੇ ਹਨ ਅਤੇ CNG ਵਾਹਨ ਰੱਖਦੇ ਹਨ, ਉਨ੍ਹਾਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਭੁਗਤਾਨ ਕਰਨਾ ਪਵੇਗਾ।

**ਲੱਕੀ ਪਟਿਆਲ ਗੈਂਗ...**

ਕਰਨ ਦਾ ਦਾਅਵਾ ਕੀਤਾ ਹੈ। ਇਸ ਤੋਂ ਇਲਾਵਾ ਇੱਕ ਚੋਰੀ ਦੀ ਮੋਟਰਸਾਈਕਲ ਵੀ ਬਰਾਮਦ ਕੀਤੀ ਗਈ ਹੈ। ਪੁਲਿਸ ਅਨੁਸਾਰ, 28 ਸਤੰਬਰ ਨੂੰ ਬੰਗਾ ਦੇ ਸਲੋਹ ਮੋੜ ਤੇ ਇੱਕ ਟੈਂਪੂ ਡਰਾਈਵਰ ਨੂੰ ਗੋਲੀ ਮਾਰਨ ਦੀ ਘਟਨਾ 'ਚ ਗ੍ਰਿਫ਼ਤਾਰ ਕੀਤੇ ਗਏ ਕਰਨ ਤੇ ਗੁਰਦੀਪ ਸਿੰਘ ਦੀ ਭੂਮਿਕਾ ਸਾਹਮਣੇ ਆਈ ਹੈ। ਪੁੱਛਗਿੱਛ ਦੌਰਾਨ ਪੁਲਿਸ ਨੂੰ ਪਤਾ ਲੱਗਾ ਕਿ ਲੱਕੀ ਪਟਿਆਲ ਵੱਲੋਂ ਮੁਲਜ਼ਮਾਂ ਨੂੰ ਜਲੰਧਰ ਤੇ ਚੰਡੀਗੜ੍ਹ 'ਚ ਟਾਰਗੇਟ ਕਿਲਿੰਗ ਲਈ ਦੋ ਟਾਰਗੇਟ ਦਿੱਤੇ ਗਏ ਸਨ। ਪੁਲਿਸ ਮੁਤਾਬਕ ਮੁਲਜ਼ਮ ਤਰਨਤਾਰਨ ਦੇ ਪੱਟੀ ਇਲਾਕੇ ਤੋਂ ਹਥਿਆਰ ਲੈ ਕੇ ਆਏ ਸਨ ਤੇ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਤਿਆਰੀ 'ਚ ਸਨ। ਪੁਲਿਸ ਵੱਲੋਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਕੋਲੋਂ ਹੋਰ ਪੁੱਛਗਿੱਛ ਕਰਕੇ ਹਥਿਆਰਾਂ ਦੀ ਸਪਲਾਈ ਤੇ ਕਥਿਤ ਟਾਰਗੇਟ ਕਿਲਿੰਗ ਨਾਲ ਜੁੜੀਆਂ ਹੋਰ ਜਾਣਕਾਰੀਆਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਸਬੰਧੀ ਥਾਣਾ ਸਦਰ ਬੰਗਾ 'ਚ ਮੁਕੱਦਮਾ ਨੰਬਰ 135 ਤਹਿਤ BNS ਦੀਆਂ ਧਾਰਾਵਾਂ 308(4), 351(2), 303(2), 48 ਤੇ ਆਰਮਜ਼ ਐਕਟ ਦੀਆਂ ਧਾਰਾਵਾਂ 25(8), 25-54-1959 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

**ਲੈਂਗਲੀ 'ਚ ਪੰਜਾਬੀ...**

ਉਹ 23 ਸਾਲਾਂ ਦਾ ਇੱਕ ਪੰਜਾਬੀ ਨੌਜਵਾਨ ਹੈ, ਜਿਸ ਦੀ ਪਛਾਣ ਸੂਤਰਾਂ ਨੇ ਜੀਵਨ ਜੌਹਲ ਦੱਸੀ ਹੈ।

ਦੂਜੇ ਪਾਸੇ, ਵਿੰਨੀਪੈਗ ਬਰਾਮਦਗੀ ਬਾਰੇ ਪੁਲੀਸ ਨੇ ਦੋਵਾਂ ਵਿਅਕਤੀਆਂ ਦੀ ਪਛਾਣ ਰਵਿੰਦਰ ਚਾਹਲ (48) ਅਤੇ ਕੁਲਵਿੰਦਰ ਚਾਹਲ (38) ਵਜੋਂ ਕੀਤੀ ਹੈ, ਜੋ ਵੈਸਟ ਸੇਂਟ ਪਾਲ ਕਸਬੇ ਦੇ ਰਹਿਣ ਵਾਲੇ ਹਨ ਅਤੇ ਭਾਈਚਾਰੇ ਵਿੱਚ ਚੰਗੀ ਜਾਣ-ਪਛਾਣ ਰੱਖਦੇ ਹਨ।

ਲੈਂਗਲੀ ਪੁਲੀਸ ਨੇ ਦੱਸਿਆ ਕਿ ਬੀਤੀ ਰਾਤ ਉਨ੍ਹਾਂ ਨੂੰ 200 ਸਟਰੀਟ ਅਤੇ 60 ਐਵੇਨਿਊ ਸਥਿਤ ਪਲਾਜ਼ਾ ਵਿੱਚ ਗੋਲੀ ਚੱਲਣ ਦੀ ਸੂਚਨਾ ਮਿਲੀ। ਮੌਕੇ 'ਤੇ ਪਹੁੰਚ ਕੇ ਵੇਖਿਆ ਕਿ ਇੱਕ ਮਹਿੰਗੀ ਕਾਰ ਵਿੱਚ ਗੋਲੀਆਂ ਨਾਲ ਜ਼ਖ਼ਮੀ ਨੌਜਵਾਨ ਤੜਫ਼ ਰਿਹਾ ਸੀ। ਡਾਕਟਰੀ ਮਦਦ ਨਾਲ ਉਸ ਦੀ ਜਾਨ ਬਚਾਉਣ ਦੇ ਯਤਨਾਂ ਦੌਰਾਨ ਹੀ ਉਸ ਨੇ ਦਮ ਤੋੜ ਦਿੱਤਾ।

**ਤਰਨ ਤਾਰਨ ਸੜਕ...**

ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਨੂੰ ਇਲਾਜ ਲਈ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਤਿੰਨਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰਕ ਮੈਂਬਰਾਂ ਵੱਲੋਂ ਪੋਸਟਮਾਰਟਮ ਨਾ ਕਰਵਾਉਣ ਦੀ ਇੱਛਾ ਜਤਾਉਣ 'ਤੇ ਲਾਸ਼ਾਂ ਵਾਰਿਸਾਂ ਹਵਾਲੇ ਕਰ ਦਿੱਤੀਆਂ ਗਈਆਂ ਹਨ। ਪੁਲੀਸ ਨੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਤਿੰਨੇ ਨੌਜਵਾਨ ਘਰੋਂ ਜੋੜ ਮੇਲਾ ਦੇਖਣ ਲਈ ਨਿਕਲੇ ਸਨ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਪਰਿਵਾਰਾਂ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਮਾੜੀ ਮੇਘਾ, ਚੇਲਾ ਕਲੋਨੀ ਭਿੱਖੀਵਿੰਡ ਅਤੇ ਕਲਸੀਆਂ ਕਲਾਂ ਪਿੰਡਾਂ ਵਿੱਚ ਨਾਬਾਲਗਾਂ ਦੀ ਮੌਤ ਦੀ ਖ਼ਬਰ ਨਾਲ ਸੋਗ ਦੀ ਲਹਿਰ ਦੌੜ ਗਈ।

**ਬੈਂਕ ਲੋਨ ਹੋਏ...**

ਇਸ ਤੋਂ ਬਾਅਦ 2023-24 ਦੌਰਾਨ ਦਰਾਂ ਨੂੰ ਸਥਿਰ ਰੱਖਿਆ ਗਿਆ ਸੀ ਅਤੇ 2025 ਵਿੱਚ ਦਰਾਂ ਵਿੱਚ ਕਟੌਤੀ ਦਾ ਸਿਲਸਿਲਾ ਸ਼ੁਰੂ ਹੋਇਆ ਸੀ। ਦੋ-ਮਹੀਨਾਵਾਰ ਮੁਦਰਾ ਨੀਤੀ ਦਾ ਐਲਾਨ ਕਰਦਿਆਂ ਆਰਬੀਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਦੱਸਿਆ ਕਿ ਮੁਦਰਾ ਨੀਤੀ ਕਮੇਟੀ ਨੇ ਸਰਬਸੰਮਤੀ ਨਾਲ ਰੈਪੋ ਦਰ ਵਿੱਚ 25 ਆਧਾਰ ਅੰਕਾਂ ਦਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੌਰਾਨ, ਪਿਛਲੇ ਮਹੀਨੇ ਦੇ 4.45 ਫ਼ੀਸਦੀ ਦੇ ਮੁਕਾਬਲੇ ਅਗਸਤ ਵਿੱਚ ਮਹਿੰਗਾਈ ਦਰ ਵਧ ਕੇ 4.82 ਫ਼ੀਸਦੀ 'ਤੇ ਪਹੁੰਚ ਗਈ ਹੈ।

**'ਮੇਰੇ 'ਤੇ 45...**

ਪ੍ਰਿਅੰਕਾ ਗਾਂਧੀ ਵਾਡਰਾ ਅਤੇ ਹੋਰ ਕਈ ਸੀਨੀਅਰ ਆਗੂ ਲੰਮੇ ਧਰਨੇ 'ਤੇ ਬੈਠੇ ਅਤੇ ਬਾਅਦ 'ਚ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ।

ਉਨ੍ਹਾਂ 'ਵੋਟ ਚੋਰੀ' ਦੇ ਦੋਸ਼ਾਂ ਨੂੰ ਦੁਹਰਾਉਂਦਿਆਂ ਕਿਹਾ ਕਿ ਇਸ ਦੇ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਮੰਗਲਵਾਰ ਦੇ ਪ੍ਰਦਰਸ਼ਨ ਤੋਂ ਬਾਅਦ ਦਰਜ ਹੋਈ ਐੱਫ.ਆਈ.ਆਰ. ਬਾਰੇ ਪੁੱਛੇ ਜਾਣ 'ਤੇ ਕਾਂਗਰਸ ਆਗੂ ਨੇ ਇਸ ਨੂੰ ਖਾਰਜ ਕਰਦਿਆਂ ਕਿਹਾ ਕਿ ਉਨ੍ਹਾਂ 'ਤੇ ਪਹਿਲਾਂ ਹੀ 45 ਐੱਫ.ਆਈ.ਆਰ. ਦਰਜ ਹਨ ਅਤੇ ਉਹ ਚਾਹੁੰਦੇ ਹਨ ਕਿ ਇਹ ਗਿਣਤੀ 100 ਤੱਕ ਪਹੁੰਚ ਜਾਵੇ। ਉਨ੍ਹਾਂ ਹਰੇਕ ਐੱਫ.ਆਈ.ਆਰ. ਨੂੰ ਆਪਣੇ ਲਈ ਇੱਕ 'ਮੈਡਲ' ਕਰਾਰ ਦਿੱਤਾ।

ਕਾਂਗਰਸ ਦੇ ਰਾਜ ਸਭਾ ਮੈਂਬਰ ਅਤੇ ਬੁਲਾਰੇ ਪਵਨ ਖੇੜਾ ਨੇ ਕਿਹਾ, ਅਮਿਤ ਸ਼ਾਹ ਦੇ ਅਧੀਨ ਆਉਂਦੀ ਦਿੱਲੀ ਪੁਲੀਸ ਸਾਨੂੰ ਰਾਜਧਾਨੀ 'ਚ ਕਿਤੇ ਵੀ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦੇ ਰਹੀ, ਇਸ ਲਈ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਲੈ ਕੇ ਸਾਰੀਆਂ ਬੱਸਾਂ ਹੁਣ ਜੰਤਰ-ਮੰਤਰ ਵੱਲ ਜਾ ਰਹੀਆਂ ਹਨ, ਜੋ ਕਿ ਪੁਰਅਮਨ ਪ੍ਰਦਰਸ਼ਨਾਂ ਲਈ ਨਿਰਧਾਰਤ ਥਾਂ ਹੈ। ਧਾਰਾ 19 ਸਾਨੂੰ ਜਮਹੂਰੀ ਪ੍ਰਦਰਸ਼ਨ ਦਾ ਸੰਵਿਧਾਨਕ ਹੱਕ ਦਿੰਦੀ ਹੈ।

# ਸੰਤਾਂ-ਮਹਾਂਪੁਰਖਾਂ ਦੀਆਂ ਸਿੱਖਿਆਵਾਂ ਸਮਾਜ ਲਈ ਪ੍ਰੇਰਣਾ ਦਾ ਸਰੋਤ : ਗੁਲਾਬ ਚੰਦ ਕਟਾਰੀਆ

**ਪੈ.ਗਾਮ-ਏ-ਜਗਤ/ਪਟਿਆਲਾ**
**7 ਅਕਤੂਬਰ (ਪਰਮਜੀਤ ਸਿੰਘ ਪਰਵਾਨਾ)**

- ਪੰਜਾਬ ਦੇ ਰਾਜਪਾਲ ਨੇ ਚਿਨਮਯਾ ਅੰਮ੍ਰਿਤ ਵਾਹਿਨੀ ਦਾ ਕੀਤਾ ਸਵਾਗਤ
- ਚਿਨਮਯਾ ਮਿਸ਼ਨ ਦੇ 75 ਸਾਲ ਪੂਰੇ ਹੋਣ 'ਤੇ ਪਟਿਆਲਾ 'ਚ ਚਿਨਮਯਾ ਅੰਮ੍ਰਿਤ ਮਹਾਉਤਸਵ




ਚਿਨਮਯਾ ਮਿਸ਼ਨ ਦੀ ਸਥਾਪਨਾ ਦੇ 75 ਸਾਲ ਪੂਰੇ ਹੋਣ ਦੇ ਮੌਕੇ 'ਤੇ ਪਟਿਆਲਾ ਵਿਖੇ 'ਚਿਨਮਯਾ ਅੰਮ੍ਰਿਤ ਮਹਾਉਤਸਵ' ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਚਿਨਮਯਾ ਅੰਮ੍ਰਿਤ ਵਾਹਿਨੀ ਦਾ ਵੀ ਭਰਵਾਂ ਸਵਾਗਤ ਕੀਤਾ ਗਿਆ। ਚਿਨਮਯਾ ਅੰਮ੍ਰਿਤ ਵਾਹਿਨੀ ਵਿੱਚ ਪੂਜਨੀਕ ਗੁਰੂਦੇਵ ਸਵਾਮੀ ਚਿਨਮਯਾਨੰਦ ਜੀ ਦੀ ਪਵਿੱਤਰ ਮੂਰਤੀ ਅਤੇ ਪਾਦੁਕਾ ਸ਼ਾਮਲ ਹਨ, ਜੋ ਪਿਛਲੇ ਇੱਕ ਸਾਲ ਤੋਂ ਪੂਰੇ ਦੇਸ਼ ਵਿੱਚ ਧਾਰਮਿਕ ਯਾਤਰਾ ਕਰਦੀਆਂ ਹੋਈਆਂ ਪਟਿਆਲਾ ਪਹੁੰਚੀਆਂ। ਇਸ ਮੌਕੇ ਸੰਗਤ ਅਤੇ ਚਿਨਮਯਾ ਮਿਸ਼ਨ ਦੇ ਮੈਂਬਰਾਂ ਵੱਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਵਾਹਿਨੀ ਦਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਚਿਨਮਯਾ ਮਿਸ਼ਨ ਨੋਇਡਾ ਦੇ ਆਚਾਰਿਆ ਸਵਾਮੀ ਚਿਦਰੂਪਾਨੰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਚਿਨਮਯਾ ਮਿਸ਼ਨ ਨੇ ਪੂਜਨੀਕ ਸਵਾਮੀ ਚਿਨਮਯਾਨੰਦ ਜੀ ਦੀ ਤਪੱਸਿਆ, ਗਿਆਨ ਅਤੇ ਵਿਚਾਰਧਾਰਾ ਨੂੰ ਦੇਸ਼-ਵਿਦੇਸ਼ ਵਿੱਚ ਲੋਕਾਂ ਤਕ ਪਹੁੰਚਾਉਣ ਲਈ ਮਹੱਤਵਪੂਰਨ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਮਿਸ਼ਨ ਦੇ ਕੇਂਦਰ ਪੂਰੇ ਦੇਸ਼ ਵਿੱਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਮੌਜੂਦ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਇਸ ਨਾਲ ਜੁੜੇ ਹੋਏ ਹਨ। ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਭਾਰਤ ਦਾ ਇਹ ਸੁਭਾਗ ਹੈ ਕਿ ਇੱਥੋਂ ਦੀ ਮਹਾਨ ਆਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਲੋਕਾਂ ਤਕ ਪਹੁੰਚਾਉਣ ਲਈ ਸੰਤਾਂ ਅਤੇ ਮਹਾਂਪੁਰਖਾਂ ਵੱਲੋਂ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵਦ ਗੀਤਾ ਅਤੇ ਰਾਮਾਇਣ ਵਰਗੇ ਮਹਾਨ ਗ੍ਰੰਥਾਂ ਦੀਆਂ ਸਿੱਖਿਆਵਾਂ ਨੂੰ ਲੋਕਾਂ ਤਕ ਪਹੁੰਚਾਉਣਾ ਸਮੇਂ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਮਨੁੱਖ ਨੂੰ ਸਭ ਤੋਂ ਪਹਿਲਾਂ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਹੀ ਦੂਜਿਆਂ 'ਤੇ ਜਿੱਤ ਦੀ ਗੱਲ ਆਉਂਦੀ ਹੈ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚੋਂ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਸਿਧਾਂਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਮਹਾਨ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਰਾਜਪਾਲ ਨੇ ਕਿਹਾ ਕਿ ਸੰਤਾਂ ਅਤੇ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਵੱਲੋਂ ਦਿਖਾਇਆ ਗਿਆ ਮਾਰਗ ਹੀ ਸਾਡੀ ਸੱਭਿਆਚਾਰਕ ਅਤੇ ਆਧਿਆਤਮਿਕ ਵਿਰਾਸਤ ਨੂੰ ਮਜ਼ਬੂਤ ਬਣਾਉਂਦਾ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਦੂਜਿਆਂ ਲਈ ਜੀਣਾ ਹੀ ਅਸਲ ਜੀਵਨ ਹੈ। ਅਜਿਹੇ ਧਾਰਮਿਕ ਅਤੇ ਆਧਿਆਤਮਿਕ ਸਥਾਨਾਂ 'ਤੇ ਜਾ ਕੇ ਮਨੁੱਖ ਨੂੰ ਅੰਦਰੂਨੀ ਤਾਕਤ ਅਤੇ ਪ੍ਰੇਰਣਾ ਮਿਲਦੀ ਹੈ। ਇਸ ਮੌਕੇ ਡਾ. ਰਾਜ ਕੁਮਾਰ ਗੁਪਤਾ ਅਤੇ ਨਰੇਸ਼ ਗੁਪਤਾ ਵੱਲੋਂ ਮੁੱਖ ਮਹਿਮਾਨ ਅਤੇ ਪਤਵੰਤਿਆਂ ਦਾ ਸਵਾਗਤ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਾਧਵ ਸ਼ਰਮਾ ਨੇ ਨਿਭਾਈ। ਚਿਨਮਯਾ ਮਿਸ਼ਨ ਦੇ ਸਵਾਮੀ ਮਾਧਵਾਨੰਦ, ਪਟਿਆਲਾ ਦੀ ਪ੍ਰਧਾਨ ਪੁਸ਼ਪਾ ਮਨਚੰਦਾ ਸਮੇਤ ਮਿਸ਼ਨ ਦੇ ਹੋਰ ਮੈਂਬਰਾਂ ਵੱਲੋਂ ਪਤਵੰਤਿਆਂ ਦਾ ਸਨਮਾਨ ਕੀਤਾ ਗਿਆ।

# ਵਿਰੋਧੀਆਂ ਨੂੰ ਮੁੱਖ ਮੰਤਰੀ ਦੀ ਲੋਕਪ੍ਰਿਯਤਾ ਬਰਦਾਸ਼ਤ ਨਹੀਂ ਹੋ ਰਹੀ : ਤਰੁਨਪ੍ਰੀਤ ਸਿੰਘ ਸੌਂਦ

## ਬਿਜਲੀ ਮੰਤਰੀ ਨੇ ਦਿੱਤੂਪੁਰ ਜੱਟਾਂ ਵਿਖੇ ਟਿਵਾਣਾ ਖੇਡ ਮੇਲੇ 'ਚ ਕਬੱਡੀ ਖਿਡਾਰੀਆਂ ਦੀ ਕੀਤੀ ਹੌਸਲਾ-ਅਫ਼ਜ਼ਾਈ

**ਪੈ.ਗਾਮ-ਏ-ਜਗਤ**
**ਭਾਦਸੋਂ (ਪਟਿਆਲਾ), 7 ਅਕਤੂਬਰ**
**(ਪਰਮਜੀਤ ਸਿੰਘ ਪਰਵਾਨਾ)**

- ਕਿਹਾ, ਸੂਬੇ 'ਚ 3100 ਪੇਂਡੂ ਖੇਡ ਮੈਦਾਨਾਂ ਰਾਹੀਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਕੀਤਾ ਜਾ ਰਿਹਾ



ਪੰਜਾਬ ਦੇ ਬਿਜਲੀ, ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ, ਪ੍ਰਾਹੁਣਚਾਰੀ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਅਨੇਕਾਂ ਇਤਿਹਾਸਕ ਪਹਿਲਕਦਮੀਆਂ ਕਰਕੇ ਪੰਜਾਬ ਦੇ ਸੱਚੇ ਸਪੂਤ ਹੋਣ ਦਾ ਸਬੂਤ ਦਿੱਤਾ ਹੈ। ਸ. ਸੌਂਦ ਅੱਜ ਸ਼ਾਮ ਭਾਦਸੋਂ ਨੇੜਲੇ ਪਿੰਡ ਦਿੱਤੂਪੁਰ ਜੱਟਾਂ ਵਿਖੇ 58ਵੇਂ ਸਾਲਾਨਾ ਤਿੰਨ ਰੋਜ਼ਾ ਟਿਵਾਣਾ ਖੇਡ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ 'ਆਪ' ਦੇ ਸੀਨੀਅਰ ਆਗੂ ਕਰਨਵੀਰ ਸਿੰਘ ਟਿਵਾਣਾ ਅਤੇ ਮਾਰਕੀਟ ਕਮੇਟੀ ਨਾਭਾ ਦੇ ਚੇਅਰਮੈਨ ਗੁਰਦੀਪ ਸਿੰਘ ਟਿਵਾਣਾ ਵੀ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਵਿਰੋਧੀਆਂ ਨੂੰ ਭਗਵੰਤ ਸਿੰਘ ਮਾਨ ਦੀ ਲੋਕਪ੍ਰਿਯਤਾ ਬਰਦਾਸ਼ਤ ਨਹੀਂ ਹੋ ਰਹੀ, ਜਿਸ ਕਰਕੇ ਉਹ ਮੁੱਖ ਮੰਤਰੀ ਨੂੰ ਬਦਨਾਮ ਕਰਨ ਲਈ ਕੋਝੇ ਹੱਥਕੰਡੇ ਅਪਣਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਹਰਮਨਪਿਆਰੇ ਮੁੱਖ ਮੰਤਰੀ ਵਿਰੁੱਧ ਉਹ ਲੋਕ ਹੀ ਬਿਆਨਬਾਜ਼ੀ ਕਰ ਰਹੇ ਹਨ, ਜਿਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਿਆ ਅਤੇ ਕਿਸਾਨਾਂ ਦੀ ਬਿਹਤਰੀ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਇਸ ਮੌਕੇ ਕਬੱਡੀ ਖਿਡਾਰੀਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ 3100 ਖੇਡ ਮੈਦਾਨਾਂ ਦੀ ਉਸਾਰੀ ਲਈ 1500 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੈਦਾਨਾਂ ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਕਿਸਾਨੀ ਨੂੰ ਬਚਾਉਣ ਲਈ ਪੰਜਾਬ ਦੇ ਪਾਣੀਆਂ ਦੀ ਰਾਖੀ ਕੀਤੀ ਜਾ ਰਹੀ ਹੈ ਅਤੇ ਸਾਡੀ ਧਰਤੀ ਨੂੰ ਬੰਜਰ ਹੋਣ ਤੋਂ ਰੋਕਣ ਲਈ ਹਰ ਖੇਤ ਤਕ ਨਹਿਰੀ ਪਾਣੀ ਪਹੁੰਚਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਅਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ।

ਸਮਾਗਮ ਦੌਰਾਨ ਗੁਰਮਿੰਦਰ ਸਿੰਘ ਟਿਵਾਣਾ, ਨਵਦੀਪ ਸਿੰਘ ਟਿਵਾਣਾ, ਮਨਪ੍ਰੀਤ ਸਿੰਘ ਨਾਗਰਾ, ਪ੍ਰਭਜੀਤ ਸਿੰਘ ਲੋਟੇ, ਰਾਜਵੀਰ ਸਿੰਘ ਟਿਵਾਣਾ, ਨਿਰਭੈ ਸਿੰਘ, ਲਖਵਿੰਦਰ ਸਿੰਘ, ਜਸਵੀਰ ਸਿੰਘ ਭੰਗੂ, ਮਨਦੀਪ ਸਿੰਘ ਨੰਬਰਦਾਰ, ਗਗਨਦੀਪ ਸਿੰਘ ਹਿਆਣਾ, ਸਰਪੰਚ ਜਗਦੀਪ ਸਿੰਘ ਧੰਗੇੜਾ, ਸਰਪੰਚ ਗੁਰਪ੍ਰੀਤ ਸਿੰਘ ਪੇਧਨੀ, ਜਸਵੀਰ ਸਿੰਘ ਭੰਗੂ, ਅਵਤਾਰ ਸਿੰਘ ਲੰਗ, ਮਨਦੀਪ ਸਿੰਘ ਹਿਆਣਾ, ਮਨਜੀਤ ਸਿੰਘ ਦੰਦਰਾਲਾ ਸਮੇਤ ਟਿਵਾਣਾ ਸਪੋਰਟਸ ਐਂਡ ਯੂਥ ਵੈਲਫੇਅਰ ਕਲੱਬ, ਗ੍ਰਾਮ ਪੰਚਾਇਤ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਇਲਾਕਾ ਵਾਸੀ ਹਾਜ਼ਰ ਸਨ।

# 10 ਅਕਤੂਬਰ ਦੀ ਮਾਹਾ ਰੈਲੀ ਸੰਗਰੂਰ ਵਿਖੇ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੇ ਪਟਿਆਲਾ ਤੋਂ ਮੁਲਾਜ਼ਮ ਅਤੇ ਪੈਨਸ਼ਨਰ

**ਪਟਿਆਲਾ (ਪੈ.ਗਾਮ-ਏ-ਜਗਤ)**

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੀ ਮੀਟਿੰਗ ਰਾਜਪਾਲ ਲਸੋਈ, ਲਖਵਿੰਦਰ ਖਾਨਪੁਰ, ਜਸਵਿੰਦਰ ਸੌਜਾ, ਸਵਰਨ ਬੰਗਾ, ਪ੍ਰਸਪਿੰਦਰ ਸਿੰਘ ਹਰਪਾਲਪੁਰ ਤੇ ਗੁਰਮੀਤ ਪੇਦਨ ਦੀ ਅਗਵਾਈ ਹੇਠ ਪਟਿਆਲਾ ਵਿਖੇ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਫੈਡਰੇਸ਼ਨ ਨਾਲ ਸਬੰਧਤ ਸਮੁੱਚੀਆਂ ਜਥੇਬੰਦੀਆਂ 10 ਅਕਤੂਬਰ ਨੂੰ ਸੰਗਰੂਰ ਵਿਖੇ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਅਤੇ ਮੁਲਾਜ਼ਮ ਸਾਂਝਾ ਮੰਚ ਪੰਜਾਬ ਵੱਲੋਂ ਕੀਤੀ ਜਾ ਰਹੀ ਮਹਾ ਰੈਲੀ ਨੂੰ ਕਾਮਯਾਬ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ ਤੇ ਵੱਡੀ ਗਿਣਤੀ ਵਿੱਚ ਅੱਜ ਤੋਂ ਹੀ ਆਪਣੇ ਸਾਥੀਆਂ ਨੂੰ ਉਸ ਦੀ ਤਿਆਰੀ ਵਿੱਚ ਪੂਰੀ ਤਰਹਾਂ ਰੁੱਝ ਜਾਣ ਲਈ ਫੈਸਲਾ ਕੀਤਾ ਗਿਆ ਅੱਜ ਦੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਦਰਸ਼ਨ ਬੇਲੂ ਮਾਜਰਾ, ਜਸਵੀਰ ਖੋਖਰ, ਰਣਜੀਤ ਮਾਨ,ਧਰਮਪਾਲ ਲੋਟ, ਦਿਆਲ ਸਿੱਧੂ ਤੇ ਜਗਤਾਰ ਸਾਹਪੁਰ ਨੇ ਕਿਹਾ ਕਿ ਉਹ ਇਸ ਰੈਲੀ ਨੂੰ ਕਾਮਯਾਬ ਕਰਨ ਲਈ ਆਪਣੇ ਮੁਲਾਜ਼ਮ ਤੇ ਪੈਨਸ਼ਨਰ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਨਾਲ ਲੈ ਕੇ ਇਸ ਇਕੱਤਰਤਾ ਵਿੱਚ ਸਾਮਿਲ ਹੋਣਗੇ ਤੇ ਉਸ ਦਿਨ ਕੋਈ ਵੀ ਮੁਲਾਜ਼ਮ ਜਾਂ ਪੈਨਸ਼ਨਰ ਇਸ ਸੰਘਰਸ਼ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ ਤਾਂ ਕਿ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਕੱਚੇ ਕਾਮੇ ਪੱਕੇ ਕਰਨਾ, ਡੀ.ਏ. ਦਾ ਬਕਾਇਆ ਜੋ ਮਾਨਯੋਗ ਕੋਰਟਾਂ ਦੇ ਹੁਕਮਾਂ ਦੀ ਉਲੰਘਣਾ ਕਰਕੇ ਜੋ ਦਿੱਤਾ ਨਹੀਂ ਜਾ ਰਿਹਾ, ਪੇ ਕਮਿਸ਼ਨ ਦਾ ਬਕਾਇਆ, ਮਾਨ ਭੱਤੇ ਤੇ ਕੰਮ ਕਰਦੇ ਵਰਕਰਾਂ ਨੂੰ ਗੁਜ਼ਾਰੇ ਜੋਗੀ ਤਨਖਾਹ ਦੇਣਾ, ਮੁਲਾਜ਼ਮ ਵਿਰੋਧੀ ਪੱਤਰ ਰੱਦ ਕਰਾਉਣੇ,ਪੁਰਾਣੀ ਪੈਨਸਨ ਲਾਗੂ ਕਰਨਾ,ਪੈਨਸ਼ਨਰਾਂ ਨੂੰ 2.59 ਨਾ ਦੇਣਾ ਤੇ ਮੰਗ ਪੱਤਰ ਚ, ਦਰਜ ਮੰਗਾਂ ਹਨ ਇਹਨਾਂ ਦੇ ਹੱਲ ਲਈ ਸਰਕਾਰ ਨੂੰ ਮਜਬੂਰ ਕੀਤਾ ਜਾਵੇ ਅੱਜ ਦੀ ਮੀਟਿੰਗ ਵਿੱਚ ਪਹੁੰਚੇ ਗੌਰਮਿੰਟ ਟੀਚਰ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਸਮਾਣਾ ਪਰਮਜੀਤ ਹਿੰਮਤ ਸਿੰਘ ਤੇ ਹਰਪ੍ਰੀਤ ਉਪਲ ਨੇ ਕਿਹਾ ਕਿ ਇਸ ਇਤਿਹਾਸਿਕ ਮਾਹਾ ਰੈਲੀ ਨੂੰ ਕਾਮਯਾਬ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ ਅੱਜ ਦੀ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਮੋਨਿਕਾ ਮਸੀਹ, ਰਕੇਸ ਕਲਿਆਣ, ਪ੍ਰਗਟ ਸਿੰਘ,ਕੁਲਦੀਪ ਘੱਗਾ, ਨਾਥ ਸਿੰਘ ਬੁਜਰਕ,ਹਰਦੇਵ ਸਿੰਘ, ਗੁਰਮੇਲ ਘਨੌਰ, ਜਸਪਾਲ ਕੌਰ, ਅਰਜਨ ਸਿੰਘ ਰਾਜਪੁਰਾ, ਤੇਜਿੰਦਰ ਸਿੰਘ,ਕਰਮ ਸਿੰਘ, ਰਜਿੰਦਰ ਧਾਲੀਵਾਲ, ਪਰਕਾਸ ਸਿੰਘ ਆਦਿ ਆਗੂਆਂ ਨੇ ਹਿੱਸਾ ਲਿਆ ਤੇ ਕਿਹਾ ਕਿ ਉਹ ਅੱਜ ਤੋਂ ਹੀ ਇਸ ਮਾਹਾ ਰੈਲੀ ਦੀ ਤਿਆਰੀ ਲਈ ਜੁਟ ਗਏ ਹਨ ਤੇ ਉਸ ਦਿਨ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰ ਝੰਡੇਆ ਅਤੇ ਬੈਨਰਾ ਨਾਲ ਲੈਸ ਹੋਕੇ ਭਾਰੀ ਗਿਣਤੀ ਵਿੱਚ ਸੰਗਰੂਰ ਵੱਲ ਚਾਲੇ ਪਾਉਣਗੇ।



# ਵੈਟਨਰੀ ਯੂਨੀਵਰਸਿਟੀ ਵੱਲੋਂ ਨੌਂ ਰਾਜਾਂ ਦੇ 20 ਵੈਟਨਰੀ ਪਸਾਰ ਕਰਮਚਾਰੀਆਂ ਲਈ ਕੌਮੀ ਸਿਖਲਾਈ ਦੀ ਸ਼ੁਰੂਆਤ

**ਲੁਧਿਆਣਾ 07 ਅਕਤੂਬਰ (ਪੈ.ਗਾਮ-ਏ-ਜਗਤ)**

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਯੂਨੀਵਰਸਿਟੀ, ਲੁਧਿਆਣਾ ਵਿਖੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਦੁੱਧ ਉਤਪਾਦਕ ਸੰਸਥਾਵਾਂ ਨਾਲ ਜੁੜੇ ਵੈਟਨਰੀ ਪਸਾਰ ਕਰਮਚਾਰੀਆਂ ਲਈ ਵਿਹਾਰਕ ਡੇਅਰੀ ਫਾਰਮਿੰਗ ਵਿਸ਼ੇ 'ਤੇ ਦੋ ਹਫ਼ਤਿਆਂ ਦਾ ਸਿਖਲਾਈ ਪ੍ਰੋਗਰਾਮ ਸ਼ੁਰੂ ਹੋਇਆ।

ਇਸ ਸਿਖਲਾਈ ਵਿੱਚ ਨੌਂ ਵੱਖ-ਵੱਖ ਰਾਜਾਂ ਦੇ ਕੁੱਲ 20 ਵੈਟਨਰੀ ਪਸਾਰ ਕਰਮਚਾਰੀ ਹਿੱਸਾ ਲੈ ਰਹੇ ਹਨ। ਇਹ ਸਿਖਲਾਈ ਪ੍ਰੋਗਰਾਮ ਯੂਨੀਵਰਸਿਟੀ ਦੇ ਪਸਾਰ ਸਿੱਖਿਆ ਵਿਭਾਗ ਅਤੇ ਰਾਸ਼ਟਰੀ ਡੇਅਰੀ ਵਿਕਾਸ ਬੋਰਡ ਡੇਅਰੀ ਸੇਵਾਵਾਂ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਹੈ। ਇਸ ਉਪਰਾਲੇ ਦਾ ਉਦੇਸ਼ ਪੰਜਾਬ ਦੀਆਂ ਸਫਲ ਤਕਨੀਕਾਂ ਅਤੇ ਪ੍ਰਬੰਧਨ ਅਭਿਆਸਾਂ ਨੂੰ ਹੋਰ ਰਾਜਾਂ ਵਿੱਚ ਲਾਗੂ ਕਰਕੇ ਪੂਰੇ ਭਾਰਤ ਵਿੱਚ ਵਪਾਰਕ ਅਤੇ ਟਿਕਾਊ ਡੇਅਰੀ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ ਹੈ। ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਦੋਵੇਂ ਅਦਾਰਿਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਵੈਟਨਰੀ ਯੂਨੀਵਰਸਿਟੀ ਦੇਸ਼ ਦੀਆਂ ਮੋਹਰੀ ਵੈਟਨਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ ਅਤੇ ਮਿਆਰੀ ਸਿੱਖਿਆ ਤੇ ਪਸਾਰ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਨਾਮਵਰ ਸੰਸਥਾ ਹੈ।

ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਦੇ ਕਿਸਾਨ ਦੁੱਧ ਉਤਪਾਦਨ ਅਤੇ ਉੱਚ ਤਕਨੀਕ ਅਪਣਾਉਣ ਦੇ ਮਾਮਲੇ ਵਿੱਚ ਹੋਰ ਰਾਜਾਂ ਲਈ ਮਿਸਾਲ ਹਨ। ਉਨ੍ਹਾਂ ਕਿਹਾ ਕਿ ਹੁਣ ਇਸ ਸਫਲ ਮਾਡਲ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਲੋੜ ਹੈ।

ਰਾਸ਼ਟਰੀ ਡੇਅਰੀ ਵਿਕਾਸ ਬੋਰਡ ਦੇ ਪੀ ਆਈ ਬੀ, ਮੁਖੀ ਡਾ. ਵੀਨੂ ਸੋਢੀ ਨੇ ਯੂਨੀਵਰਸਿਟੀ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਪ੍ਰਤੀਭਾਗੀਆਂ ਨੂੰ ਆਪਸੀ ਗੱਲਬਾਤ, ਸਵਾਲ-ਜਵਾਬ ਅਤੇ ਤਜਰਬੇ ਸਾਂਝੇ ਕਰਦਿਆਂ ਡੂੰਘਾਈ ਨਾਲ ਸਿੱਖਣ ਲਈ ਉਤਸ਼ਾਹਿਤ ਕੀਤਾ। ਬਾਨੀ ਮਿਲਕ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਨਵਦੀਪ ਧਾਮ ਨੇ ਡੇਅਰੀ ਫਾਰਮਿੰਗ ਖੇਤਰ ਵਿੱਚ ਪੰਜਾਬ ਦੇ ਮੁਕਾਬਲੇ ਹੋਰ ਰਾਜਾਂ ਦੀ ਜ਼ਮੀਨੀ ਸਥਿਤੀ ਬਾਰੇ ਚਾਨਣਾ ਪਾਇਆ, ਜਿਸ ਕਾਰਨ ਇਨ੍ਹਾਂ ਪਸਾਰ ਕਰਮਚਾਰੀਆਂ ਨੂੰ ਵਧੇਰੇ ਵਿਹਾਰਕ ਗਿਆਨ ਨਾਲ ਲੈਸ ਕਰਨਾ ਜ਼ਰੂਰੀ ਹੋ ਗਿਆ ਹੈ। ਸੀਨੀਅਰ ਮਾਹਰ ਡਾ. ਸੀ.ਬੀ. ਸਿੰਘ ਵੀ ਇਸ ਮੌਕੇ ਮੌਜੂਦ ਸਨ। ਡਾ. ਜਸਵਿੰਦਰ ਸਿੰਘ, ਮੁਖੀ, ਵੈਟਨਰੀ ਪਸਾਰ ਸਿੱਖਿਆ ਵਿਭਾਗ ਅਤੇ ਕੋਰਸ ਨਿਰਦੇਸ਼ਕ ਨੇ ਦੱਸਿਆ ਕਿ ਇਹ ਸਿਖਲਾਈ ਮੁੱਖ ਤੌਰ 'ਤੇ ਡੇਅਰੀ ਫਾਰਮਿੰਗ ਦੇ ਵਿਹਾਰਕ ਪਹਿਲੂਆਂ 'ਤੇ ਕੇਂਦਰਿਤ ਹੋਵੇਗੀ, ਤਾਂ ਜੋ ਇਹ ਕਰਮਚਾਰੀ ਇੰਨੇ ਸਮਰੱਥ ਬਣ ਸਕਣ ਕਿ ਉਹ ਡੇਅਰੀ ਫਾਰਮਿੰਗ ਭਾਈਚਾਰੇ ਲਈ 'ਬਦਲਾਅ ਲਿਆਉਣ ਵਾਲੇ' ਅਤੇ ਮੁੱਢਲੇ ਸਹਾਇਕ ਵਜੋਂ ਕੰਮ ਕਰ ਸਕਣ। ਡਾ. ਅਕਸ਼ਿਤਾ ਚੱਢਾ ਅਤੇ ਡਾ. ਰਵਦੀਪ ਸਿੰਘ ਇਸ ਦੋ ਹਫ਼ਤਿਆਂ ਦੇ ਸਿਖਲਾਈ ਪ੍ਰੋਗਰਾਮ ਦਾ ਸੰਯੋਜਨ ਕਰਨਗੇ। ਡਾ. ਰਾਜੇਸ਼ ਕਸਰੀਜਾ ਨੇ ਇਸ ਸਿਖਲਾਈ ਦੇ ਆਯੋਜਨ ਵਿੱਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ।



# ਕੁੰਗੜਤ ਵਿੱਚ ਆਯੁਸ਼ਮਾਨ ਆਰੋਗਿਆ ਕੈਂਪ, 80 ਲੋਕਾਂ ਦੀ ਸਿਹਤ ਜਾਂਚ

**ਪੈ.ਗਾਮ-ਏ-ਜਗਤ ਹਰੋਲੀ/ਊਨਾ, 7 ਅਕਤੂਬਰ (ਰਾਜਵੀਰ ਚੋਪੜਾ)**

ਸਿਹਤ ਖੰਡ ਹਰੋਲੀ ਅਤੇ ਸੰਸਦ ਮੈਂਬਰ ਮੋਬਾਈਲ ਸਿਹਤ ਸੇਵਾ ਦੇ ਸਾਂਝੇ ਉਪਰਾਲੇ ਤਹਿਤ ਪਿੰਡ ਕੁੰਗੜਤ ਵਿੱਚ ਆਯੁਸ਼ਮਾਨ ਆਰੋਗਿਆ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਪਿੰਡ ਵਿੱਚ ਹੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਡਾਕਟਰਾਂ ਨੇ ਲੋਕਾਂ ਦੀ ਸਿਹਤ ਜਾਂਚ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਲੋੜੀਂਦੀ ਸਿਹਤ ਸਲਾਹ ਵੀ ਦਿੱਤੀ।

ਕੈਂਪ ਵਿੱਚ ਡਾ. ਵਿਕਾਸ ਕੌਂਡਲ ਅਤੇ ਡਾ. ਪ੍ਰਦੀਪ ਕੁਮਾਰ ਨੇ ਕਰੀਬ 80 ਲੋਕਾਂ ਦੀ ਸਿਹਤ ਜਾਂਚ ਕੀਤੀ। ਮਰੀਜ਼ਾਂ ਦੀ ਲੋੜ ਅਨੁਸਾਰ ਵੱਖ-ਵੱਖ ਸਿਹਤ ਜਾਂਚਾਂ ਕੀਤੀਆਂ ਗਈਆਂ ਅਤੇ ਡਾਕਟਰਾਂ ਵੱਲੋਂ ਜਾਂਚ ਰਿਪੋਰਟ ਦੇ ਆਧਾਰ 'ਤੇ ਉਚਿਤ ਸਲਾਹ ਦਿੱਤੀ ਗਈ। ਲੋੜਵੰਦ ਮਰੀਜ਼ਾਂ ਨੂੰ ਜ਼ਰੂਰੀ ਦਵਾਈਆਂ ਮੁਫ਼ਤ ਵੰਡੀਆਂ ਗਈਆਂ।

ਇਸ ਦੌਰਾਨ ਡਾਕਟਰਾਂ ਨੇ ਪਿੰਡ ਵਾਸੀਆਂ ਨੂੰ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਮੌਸਮੀ ਬਿਮਾਰੀਆਂ ਪ੍ਰਤੀ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ। ਲੋਕਾਂ ਨੂੰ ਦੱਸਿਆ ਗਿਆ ਕਿ ਨਿਯਮਤ ਸਿਹਤ ਜਾਂਚ ਰਾਹੀਂ BP ਅਤੇ ਸ਼ੂਗਰ ਵਰਗੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਸਫ਼ਾਈ ਰੱਖਣ, ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਲੈਣ ਅਤੇ ਬਦਲਦੇ ਮੌਸਮ ਦੌਰਾਨ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣ ਦੀ ਸਲਾਹ ਦਿੱਤੀ ਗਈ। ਡਾਕਟਰਾਂ ਨੇ ਪਿੰਡ ਵਾਸੀਆਂ ਨੂੰ ਨਿਯਮਤ ਤੌਰ 'ਤੇ ਸਿਹਤ ਜਾਂਚ ਕਰਵਾਉਣ ਅਤੇ ਕਿਸੇ ਵੀ ਸਿਹਤ ਸਮੱਸਿਆ ਦੇ ਲੱਛਣ ਦਿਖਾਈ ਦੇਣ 'ਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ। ਕੈਂਪ ਵਿੱਚ ਪਿੰਡ ਵਾਸੀਆਂ ਨੇ ਸਿਹਤ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਮੁਹੱਈਆ ਕਰਵਾਈਆਂ ਗਈਆਂ ਮੈਡੀਕਲ ਸੇਵਾਵਾਂ ਦਾ ਲਾਭ ਲਿਆ। ਪਿੰਡ ਵਾਸੀਆਂ ਨੇ ਪਿੰਡ ਵਿੱਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਿਹਤ ਖੰਡ ਹਰੋਲੀ ਅਤੇ ਸੰਸਦ ਮੈਂਬਰ ਮੋਬਾਈਲ ਸਿਹਤ ਸੇਵਾ ਟੀਮ ਦਾ ਧੰਨਵਾਦ ਕੀਤਾ।



# ਡਾ. ਜਸਵੰਤ ਸਿੰਘ, ਡਾ. ਰਮਨਪ੍ਰੀਤ ਕੌਰ ਨੇ ਗੜ੍ਹਸ਼ੰਕਰ ਤੋਂ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਪੈ.ਗਾਮ-ਏ-ਜਗਤ ਹਰੋਲੀ/ਊਨਾ, 7 ਅਕਤੂਬਰ (ਰਾਜਵੀਰ ਚੋਪੜਾ)**

ਰਮਨਪ੍ਰੀਤ ਹਸਪਤਾਲ ਗੜ੍ਹਸ਼ੰਕਰ ਤੋਂ ਡਾ. ਜਸਵੰਤ ਸਿੰਘ ਅਤੇ ਡਾ. ਰਮਨਪ੍ਰੀਤ ਕੌਰ ਤਪ ਅਸਥਾਨ ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਉਹਨਾਂ ਵੱਲੋਂ ਨਵੀਆਂ ਗੱਡੀਆਂ ਦੀ ਅਰਦਾਸ-ਬੇਨਤੀ ਕਰਵਾਉਣ ਲਈ ਗੁਰੂ ਘਰ ਵਿਖੇ ਹਾਜ਼ਰੀ ਭਰੀ ਗਈ ਅਤੇ ਗੁਰੂ ਘਰ ਦੀਆਂ ਚੱਲ ਰਹੀਆਂ ਕਾਰ ਸੇਵਾਵਾਂ ਲਈ 12,000 ਰੁਪਏ ਦੀ ਸੇਵਾ ਭੇਟ ਕੀਤੀ ਗਈ।

ਡਾ. ਜਸਵੰਤ ਸਿੰਘ ਜੀ ਨੇ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਚੱਲ ਰਹੀ ਕਾਰ ਸੇਵਾ ਲਈ ਸ਼ਲਾਘਾ ਕੀਤੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਮੈਡੀਕਲ ਸਹੂਲਤਾਂ ਦੇਣ ਲਈ ਵਚਨਬੱਧਤਾ ਕੀਤੀ। ਇਸ ਮੌਕੇ 'ਤੇ ਬਾਬਾ ਕੇਵਲ ਸਿੰਘ, ਬਾਬਾ ਸੁਖਦੇਵ ਸਿੰਘ ਅਤੇ ਬਾਬਾ ਨਰੇਸ਼ ਸਿੰਘ ਜੀ ਵੱਲੋਂ ਗੁਰੂ ਘਰ ਦੇ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਖੇਤਾਂ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਨੂੰ 75 ਹਜ਼ਾਰ ਦੀ ਵਿੱਤੀ ਸਹਾਇਤਾ ਦਾ ਚੈੱਕ ਭੇਂਟ



**ਲਾਲੜੂ, 7 ਅਕਤੂਬਰ (ਪੈ.ਗਾਮ-ਏ-ਜਗਤ)**

ਪੰਜਾਬ ਮੰਡੀ ਬੋਰਡ ਵੱਲੋਂ ਮੁਹੱਈਆ ਕਰਵਾਏ ਗਏ ਫੰਡਾਂ ਤਹਿਤ ਹਲਕਾ ਡੇਰਾਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਭਗਵਾਸੀ ਦੇ ਵਸਨੀਕ ਸ੍ਰੀ ਓਮ ਪ੍ਰਕਾਸ਼ ਮਹਿਤਾ ਪੁੱਤਰ ਸ੍ਰੀ ਸਿਓਰਾਮ ਮਹਿਤਾ ਨੂੰ ?75 ਹਜ਼ਾਰ ਦੀ ਵਿੱਤੀ ਸਹਾਇਤਾ ਦਾ ਚੈੱਕ ਭੇਂਟ ਕੀਤਾ ਗਿਆ।

ਸ੍ਰੀ ਓਮ ਪ੍ਰਕਾਸ਼ ਮਹਿਤਾ ਖੇਤਾਂ ਵਿੱਚ ਕੰਮ ਕਰਦੇ ਸਮੇਂ ਵਾਪਰੇ ਹਾਦਸੇ ਦੌਰਾਨ ਆਪਣੇ ਸੱਜੇ ਹੱਥ ਦੀਆਂ ਪੰਜੇ ਉਂਗਲਾਂ ਗੁਆ ਬੈਠੇ ਸਨ। ਇਸ ਹਾਦਸੇ ਕਾਰਨ ਪਰਿਵਾਰ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਪੰਜਾਬ ਮੰਡੀ ਬੋਰਡ ਵੱਲੋਂ ਨਿਯਮਾਂ ਤਹਿਤ ਇਹ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ ਡੇਰਾਬੱਸੀ ਮਾਰਕੀਟ ਕਮੇਟੀ ਦੇ ਚੇਅਰਮੈਨ ਸ. ਕੁਲਦੀਪ ਸਿੰਘ ਵੀ ਮੌਜੂਦ ਸਨ। ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਲੋੜਵੰਦ ਲੋਕਾਂ ਨੂੰ ਸਰਕਾਰੀ ਸਕੀਮਾਂ ਅਤੇ ਸਹਾਇਤਾ ਦਾ ਲਾਭ ਪਹੁੰਚਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

# 2047 ਵਿੱਚ ਵਿਕਸਤ ਭਾਰਤ ਸਿਰ.ਫ ਸਰਕਾਰ ਦਾ ਸੰਕਲਪ ਨਹੀਂ ਸਗੋਂ ਸਾਡਾ ਸਾਰਿਆਂ ਦਾ ਵੀ ਹੈ: ਮੰਤਰੀ ਅਨਿਲ ਵਿਜ

**ਪੈ.ਗਾਮ-ਏ-ਜਗਤ/ਅੰਬਾਲਾ, 7 ਅਕਤੂਬਰ (ਆਰ.ਸਿੰਘ)**

- **ਊਰਜਾ ਮੰਤਰੀ ਨੇ ਸੇਵਾ ਸੰਕਲਪ ਅਭਿਆਨ ਦੇ ਹਿੱਸੇ ਵਜੋਂ ਸੇਵਾ ਜਯੋਤੀ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ**



ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿੱਚ ਕਥਿਤ ਘੁਟਾਲੇ ਨਾਲ ਭਰੀ ਕਾਂਗਰਸ ਸਰਕਾਰ ਨੂੰ ਬਦਲ ਕੇ ਭਾਜਪਾ ਦੀ ਸੇਵਾ-ਮੁਖੀ ਸਰਕਾਰ ਬਣਾਈ ਹੈ ਅਤੇ ਇਸ ਲਈ ਪੂਰਾ ਦੇਸ਼ ਮੋਦੀ ਦਾ ਧੰਨਵਾਦੀ ਹੈ। ਉਨ੍ਹਾਂ ਕਿਹਾ ਕਿ 2047 ਵਿੱਚ ਵਿਕਸਤ ਭਾਰਤ ਸਿਰਫ਼ ਸਰਕਾਰ ਦਾ ਸੰਕਲਪ ਨਹੀਂ ਹੈ ਸਗੋਂ ਸਾਡਾ ਸਾਰਿਆਂ ਦਾ ਹੈ।

ਵਿਜ ਨੇ ਇਹ ਬਿਆਨ ਅੱਜ ਅੰਬਾਲਾ ਸਿਟੀ ਪੁਲੀਸ ਲਾਈਨਜ਼ ਵਿਖੇ ਸੇਵਾ ਜਯੋਤੀ ਯਾਤਰਾ ਪ੍ਰੋਗਰਾਮ ਦੌਰਾਨ ਦਿੱਤਾ ਜੋ ਭਾਰਤੀ ਜਨਤਾ ਪਾਰਟੀ ਵੱਲੋਂ ਅੰਬਾਲਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਨਤਕ ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ 'ਤੇ ਆਯੋਜਿਤ ਸੇਵਾ ਸੰਕਲਪ ਅਭਿਆਨ ਦਾ ਹਿੱਸਾ ਹੈ। ਊਰਜਾ ਮੰਤਰੀ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਊਰਜਾ ਮੰਤਰੀ ਨੇ ਕਿਹਾ ਕਿ 2001 ਵਿੱਚ ਭਾਰਤ ਮਾਤਾ ਦੇ ਪੁੱਤਰ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ ਅਤੇ ਉਦੋਂ ਤੋਂ ਜਨਤਕ ਸੇਵਾ ਦੇ 25 ਸਾਲ ਪੂਰੇ ਹੋ ਗਏ ਹਨ। ਇਸ ਦੀ ਯਾਦ ਵਿੱਚ ਦੇਸ਼ ਭਰ ਵਿੱਚ ਸੇਵਾ ਸੰਕਲਪ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੇਵਾ ਸੰਕਲਪ ਵਿੱਚ ਦੋ ਸ਼ਬਦ ਸ਼ਾਮਲ ਹਨ: ਸੇਵਾ ਅਤੇ ਦੂਜਾ ਸੰਕਲਪ। ਹਰ ਨਾਗਰਿਕ ਨੂੰ ਸੰਕਲਪ ਲੈਣਾ ਚਾਹੀਦਾ ਹੈ ਕਿ ਉਹ ਕਿਸ ਖੇਤਰ ਵਿੱਚ ਅਤੇ ਕਿੱਥੇ ਸੇਵਾ ਪ੍ਰਦਾਨ ਕਰ ਸਕਦਾ ਹੈ।

ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅਸੀਂ ਸਾਰਿਆਂ ਨੇ ਪ੍ਰਧਾਨ ਮੰਤਰੀ ਦੇ ਭਾਸ਼ਣ, ਸਾਡੇ ਦੁਆਰਾ ਪ੍ਰਾਪਤ ਕੀਤੀਆਂ ਪ੍ਰਾਪਤੀਆਂ ਅਤੇ ਸਾਡੇ ਦੁਆਰਾ ਨਿਰਧਾਰਿਤ ਕੀਤੇ ਗਏ ਉੱਚੇ ਟੀਚਿਆਂ ਨੂੰ ਸੁਣਿਆ ਹੈ। ਉਨ੍ਹਾਂ ਅੱਗੇ ਕਿਹਾ, ਹਰ ਜਗ੍ਹਾ ਉਨ੍ਹਾਂ ਨੇ 'ਅਸੀਂ' ਕਿਹਾ ਹੈ, 'ਮੈਂ' ਨਹੀਂ, ਜਿਸ ਵਿੱਚ ਮੈਂ, ਅਸੀਮ ਜੀ, ਸੈਣੀ ਸਾਹਿਬ ਅਤੇ ਸਾਰੀ ਜਨਤਾ ਸ਼ਾਮਲ ਹੈ।÷ ਅਨਿਲ ਵਿਜ ਨੇ ਕਿਹਾ ਕਿ ਸਰਕਾਰ 2047 ਤੱਕ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਉੱਚਤਮ ਪੱਧਰ ਨੂੰ ਪ੍ਰਾਪਤ ਕਰਨ ਲਈ ਕੰਮ ਕਰ ਰਹੀ ਹੈ ਪਰ ਸਾਨੂੰ ਸੇਵਾ ਦੇ ਕੰਮ ਵਿੱਚ ਸਾਰਿਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਸ ਲਈ ਸੇਵਾ ਜੋਤੀ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਨੇ ਹਰ ਮੁਹੱਲੇ, ਪਿੰਡ ਅਤੇ ਸ਼ਹਿਰ ਤੱਕ ਪਹੁੰਚਣਾ ਹੈ। ਅੰਬਾਲਾ ਵਿੱਚ ਇੱਕ ਚੌਕ ਬਣਾਇਆ ਗਿਆ ਹੈ ਜਿੱਥੇ ਇਹ ਲਾਇਆ ਜਾਵੇਗਾ ਤਾਂ ਜੋ ਤੁਸੀਂ ਇੱਕ ਦੀਵਾ ਦੂਜੇ ਤੋਂ ਇੱਕ ਦੀਵਾ ਦੂਜੇ ਤੋਂ ਜਗਾ ਸਕੋ। ਜੇਕਰ ਦੇਸ਼ ਵਿੱਚ ਕਿਤੇ ਵੀ ਹਨੇਰਾ ਹੈ ਤਾਂ ਇਸ ਨੂੰ ਦੂਰ ਕਰੋ। ਇਹ ਇਸ ਯਾਤਰਾ ਦਾ ਸੰਦੇਸ਼ ਹੈ।

ਇਸ ਤੋਂ ਪਹਿਲਾਂ ਇੱਥੇ ਪਹੁੰਚਣ ਤੇ ਮੰਤਰੀ ਅਨਿਲ ਵਿਜ ਦਾ ਡੀਸੀ ਸਚਿਨ ਗੁਪਤਾ ਅਤੇ ਹੋਰਾਂ ਨੇ ਸਵਾਗਤ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲਾਈਵ ਸੰਬੋਧਨ ਸੁਣਿਆ। ਇਸ ਤੋਂ ਬਾਅਦ ਮੰਤਰੀ ਵਿਜ ਅਤੇ ਸਾਬਕਾ ਰਾਜ ਮੰਤਰੀ ਅਸੀਮ ਗੋਇਲ ਨੇ ਮਸ਼ਾਲ ਜਗਾ ਕੇ ਸੇਵਾ ਜੋਤੀ ਯਾਤਰਾ ਦੀ ਸ਼ੁਰੂਆਤ ਕੀਤੀ। ਯਾਤਰਾ ਪੁਲਸ ਲਾਈਨਾਂ ਤੋਂ ਹੁੰਦੀ ਹੋਈ ਪੁਰਾਣੀ ਸੈਸ਼ਨ ਕੋਰਟ ਤੱਕ ਗਈ ਜਿੱਥੇ ਜੋਤ ਜਗਾਈ ਗਈ। ਇਸ ਦੌਰਾਨ ਮੰਤਰੀ ਅਨਿਲ ਵਿਜ ਨੇ ਵੰਦੇ ਮਾਤਰਮ ਦਾ ਨਾਅਰਾ ਲਗਾ ਕੇ ਯਾਤਰਾ ਵਿੱਚ ਉਤਸ਼ਾਹ ਭਰਿਆ। ਇਸ ਯਾਤਰਾ ਵਿਚ ਅੰਬਾਲਾ ਛਾਉਣੀ ਤੋਂ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਸ਼ਾਮਲ ਹੋਏ। ਇਸ ਮੌਕੇ ਸਾਬਕਾ ਰਾਜ ਮੰਤਰੀ ਅਸੀਮ ਗੋਇਲ, ਸਾਬਕਾ ਵਿਧਾਇਕ ਪਵਨ ਸੈਣੀ, ਨਗਰ ਨਿਗਮ ਦੀ ਮੇਅਰ ਅਕਸ਼ਿਤਾ ਸੈਣੀ, ਨਗਰ ਕੌਂਸਲ ਪ੍ਰਧਾਨ ਸਵਰਨ ਕੌਰ, ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਅਤੇ ਵੱਡੀ ਗਿਣਤੀ ਵਿੱਚ ਅਧਿਕਾਰੀ ਤੇ ਵਰਕਰ ਮੌਜੂਦ ਸਨ।

# ਸ਼ੇਖ .ਫਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ .ਫਰੀਦਕੋਟ ਦੀ ਮੀਟਿੰਗ ਅਨੰਦਿਆਨਾ ਗਊਸ਼ਾਲਾ ਵਿਖੇ ਹੋਈ

**ਪੈ.ਗਾਮ-ਏ-ਜਗਤ/ਫਰੀਦਕੋਟ 06 ਅਕਤੂਬਰ (ਸ਼ਿਵਨਾਥ)**

- **ਮੀਟਿੰਗ ਵਿੱਚ ਸਰਵਸੰਮਤੀ ਨਾਲ ਕੁਝ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਗਈ**



ਪਿਛਲੇ ਦਿਨੀਂ ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਚੋਣ ਸਥਾਨਕ ਦਾਣਾ ਮੰਡੀ ਫਰੀਦਕੋਟ ਵਿਖੇ ਬਾਂਸਲ ਦੀ ਆੜ੍ਹਤ ਹੋਈ ਸੀ ਉਸ ਵਿੱਚ ਸਰਵਸੰਮਤੀ ਨਾਲ ਕੇ.ਪੀ.ਸਿੰਘ ਸਰਾਂ ਨੂੰ ਪ੍ਰੈੱਸ ਕਲੱਬ ਦਾ ਪ੍ਰਧਾਨ, ਸ਼ਿਵਨਾਥ ਦਰਦੀ ਜਨਰਲ ਸਕੱਤਰ ਅਤੇ ਦੀਪੂ ਸਿੰਗਲਾ ਨੂੰ ਕਲੱਬ ਦਾ ਕੈਸ਼ੀਅਰ ਚੁਣਿਆ ਗਿਆ ਸੀ।

ਮੀਟਿੰਗ ਵਿੱਚ ਬਾਰੇ ਸਾਰੇ ਅਧਿਕਾਰ ਨਵ ਗਠਿਤ ਪ੍ਰਧਾਨ ਕੇ.ਪੀ.ਸਿੰਘ ਸਰਾਂ ਨੂੰ ਦਿੱਤੇ ਗਏ ਸਨ। ਇਸ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਸਥਾਨਕ ਅਨੰਦਿਆਨਾ ਗਊਸ਼ਾਲਾ ਫਰੀਦਕੋਟ ਵਿਖੇ ਕੇ.ਪੀ.ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਬਾਕੀ ਮੈਂਬਰਾਂ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਐਡਵੋਕੇਟ ਰਕੇਸ਼ ਭੁਟੇਜਾ ਪੱਤਰ ਪ੍ਰੇਰਕ ਦੈਨਿਕ ਸਵੇਰਾ ਨੂੰ ਪ੍ਰੈੱਸ ਕਲੱਬ ਦਾ ਸਰਪ੍ਰਸਤ,ਗੌਤਮ ਬਾਂਸਲ ਪੱਤਰ ਪ੍ਰੇਰਕ ਜੱਗ ਬਾਣੀ ਗਰੁੱਪ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਵਿੰਦਰ ਸਿੰਘ ਧਨੋਆ ਪੱਤਰ ਪ੍ਰੇਰਕ ਚੜਦੀ ਕਲਾਂ ਨੂੰ ਸੀਨੀਅਰ ਮੀਤ ਪ੍ਰਧਾਨ, ਧਰਮ ਪ੍ਰਵਾਨਾ ਪੱਤਰ ਪ੍ਰੇਰਕ ਫਾਸਟ ਮੀਡੀਆ ਨੂੰ ਮੀਤ ਪ੍ਰਧਾਨ, ਨਾਇਬ ਰਾਜ ਸੰਪਾਦਕ ਫਰੀਦਕੋਟ ਨਿਊਜ਼ ਚੈਨਲ-04 ਨੂੰ ਮੀਤ ਪ੍ਰਧਾਨ, ਪ੍ਰਦੀਪ ਚਾਵਲਾ ਵਿਸ਼ੇਸ ਪ੍ਰਤੀਨਿਧ ਜੱਗ ਬਾਣੀ ਗਰੁੱਪ ਨੂੰ ਮੁੱਖ ਸਲਾਹਕਾਰ, ਰਵੀ ਬਾਂਸਲ ਪੱਤਰ ਪ੍ਰੇਰਕ ਜੱਗ ਬਾਣੀ ਗਰੁੱਪ ਨੂੰ ਜੁਆਇੰਟ ਸਕੱਤਰ, ਪੰਡਿਤ ਪ੍ਰਮੋਦ (ਆਈਮਾ ਮੀਡੀਆ)ਨੂੰ ਪੀ.ਆਰ.ਓ ਅਤੇ ਪ੍ਰਤੀਕ ਸੇਠੀ ਪੱਤਰ ਪ੍ਰੇਰਕ ਵੰਦੇ ਭਾਰਤ ਨੂੰ ਜੁਆਇੰਟ ਪੀ ਆਰ ਓ ਦੇ ਅਹੁਦੇ ਦੇ ਕੇ ਨਿਵਾਜਿਆ ਗਿਆ। ਅੰਤ ਵਿੱਚ ਸੀਨੀਅਰ ਮੈਂਬਰ ਨਾਇਬ ਰਾਜ ਨੇ ਪ੍ਰਧਾਨ ਕੇ.ਪੀ ਸਿੰਘ ਸਰਾਂ ਅਤੇ ਜਰਨਲ ਸਕੱਤਰ ਸ਼ਿਵਨਾਥ ਦਰਦੀ ਦਾ ਮੂੰਹ ਮਿੱਠਾ ਲੱਡੂਆਂ ਨਾਲ ਕਰਵਾਇਆ ਤੇ ਸਾਰਿਆ ਨੂੰ ਲੱਡੂ ਵੰਡੇ ਗਏ। ਕੇ.ਪੀ.ਸਿੰਘ ਸਰਾਂ ਨੇ ਦੱਸਿਆ ਦੁਸਹਿਰੇ/ ਦਿਵਾਲੀ ਦੇ ਪਵਿੱਤਰ ਤਿਉਹਾਰ ਤੋ ਪਹਿਲਾ ਪ੍ਰੈੱਸ ਕਲੱਬ ਦੀ ਮੀਟਿੰਗ ਰੱਖੀ ਜਾਵੇਗੀ ਜਿਸ ਵਿੱਚ ਹੋਰ ਮੈਬਰਾਂ ਨੂੰ ਲੈਣ ਬਾਰੇ ਅਤੇ ਕਲੱਬ ਦਾ ਸੰਵਿਧਾਨ ਤਿਆਰ ਕੀਤਾ ਜਾਵੇਗਾ।

ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਇਹ ਚੋਣ 31/12/2027 ਤੱਕ ਕੀਤੀ ਗਈ ਹੈ। ਸਰਾਂ ਨੇ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਅਪੀਲ ਕੀਤੀ ਕਿ ਮੀਟਿੰਗ ਵਿੱਚ ਨਿਰਧਾਰਿਤ ਸਮੇਂ ਤੇ ਪਹੁੰਚਣ ਦੀ ਕਿਰਪਾਲਾ ਕਰਿਆ ਕਰਨ।

# ਪੰਜਾਬੀ ਸੈੱਲ, ਚੰਡੀਗੜ੍ਹ, ਭਾਸ਼ਾ ਵਿਭਾਗ, ਪੰਜਾਬ ਵੱਲੋਂ ਕੁਇਜ਼ ਮੁਕਾਬਲੇ 2026 ਦਾ ਆਯੋਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ 7 ਅਕਤੂਬਰ (ਪੈ.ਗਾਮ-ਏ-ਜਗਤ)**



ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਬਾਰੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਹੇਠ ਦਫ਼ਤਰ ਸਹਾਇਕ ਡਾਇਰੈਕਟਰ, ਪੰਜਾਬੀ ਸੈੱਲ, ਚੰਡੀਗੜ੍ਹ ਵੱਲੋਂ ਮਿਤੀ 07.10.2026 ਨੂੰ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ (ਸ਼ੌਰਿਆ ਚੱਕਰ), ਸਰਕਾਰੀ ਕਾਲਜ, ਫ਼ੇਜ਼ 6 ਮੋਹਾਲੀ ਵਿਖੇ ਜ਼ਿਲ੍ਹੇ ਨਾਲ ਸਬੰਧਿਤ ਵਿਦਿਆਰਥੀਆਂ ਦੇ ਵੱਖ-ਵੱਖ ਵਰਗਾਂ ਦੇ ਲਿਖਤੀ ਬਾਲ ਸਾਹਿਤ ਕੁਇਜ਼ ਮੁਕਾਬਲੇ ਕਰਵਾਏ ਗਏ। ਸਹਾਇਕ ਡਾਇਰੈਕਟਰ ਸ੍ਰੀਮਤੀ ਸੁਰਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਮੋਹ ਜਗਾਉਣਾ ਹੈ। ਖੋਜ ਅਫ਼ਸਰ ਸ੍ਰੀਮਤੀ ਜਗਰੀਤ ਕੌਰ ਸੰਧੂ ਦੀ ਦੇਖ-ਰੇਖ ਹੇਠ ਖੋਜ ਅਫ਼ਸਰ ਸ੍ਰੀਮਤੀ ਜਗਦੀਪ ਜੋਤ ਵੱਲੋਂ ਮੁਕਾਬਲਿਆਂ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਪਤਵੰਤਿਆਂ ਨੂੰ ਜੀ ਆਇਆਂ ਨੂੰ ਕਿਹਾ ਗਿਆ ਅਤੇ ਵਿਭਾਗ ਦੀ ਕਾਰਜਸ਼ੈਲੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਕੁਇਜ਼ ਮੁਕਾਬਲਿਆਂ ਦੇ ਨਿਯਮਾਂ ਅਨੁਸਾਰ ਇਹ ਮੁਕਾਬਲੇ ਲਿਖਤੀ ਕਰਵਾਏ ਗਏ ਅਤੇ ਇਨ੍ਹਾਂ ਲਈ ਇੱਕ ਘੰਟਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ, ਧਰਮ, ਸ਼ਖ਼ਸੀਅਤਾਂ, ਸਭਿਆਚਾਰਕ, ਇਤਿਹਾਸ ਅਤੇ ਭੂਗੋਲ ਨਾਲ ਸਬੰਧਿਤ ਕੁੱਲ 100 ਪ੍ਰਸ਼ਨ ਪੁੱਛੇ ਗਏ ਤੇ ਪ੍ਰਸ਼ਨ ਪੱਤਰ ਦੇ ਕੁੱਲ ਅੰਕ 400 ਸਨ। ਕੁਇਜ਼ ਮੁਕਾਬਲੇ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000/-, 750/- ਅਤੇ 500/- ਰੁਪਏ ਦੇ ਨਕਦ ਇਨਾਮ ਤੇ ਪ੍ਰਮਾਣ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਖੋਜ ਅਫ਼ਸਰ ਸ੍ਰੀਮਤੀ ਜਗਰੀਤ ਕੌਰ ਸੰਧੂ ਅਤੇ ਸ੍ਰੀਮਤੀ ਜਗਦੀਪ ਜੋਤ ਨੇ ਵਿਦਿਆਰਥੀਆਂ ਨੂੰ ਮਾਂ-ਬੋਲੀ ਪੰਜਾਬੀ ਨਾਲ? ਜੁੜੇ ਰਹਿਣ ਅਤੇ ਸਾਹਿਤ ਪ੍ਰਤੀ ਮੋਹ ਜਿਉਂਦਾ ਰੱਖਣ ਲਈ ਅਪੀਲ ਕੀਤੀ।

ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਲਈ ਤਿਆਰੀ ਕਰਵਾ ਕੇ ਭੇਜਣ ਲਈ ਸਕੂਲ ਮੁਖੀਆਂ ਅਤੇ ਅਧਿਆਪਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਅਗਾਂਹ ਤੋਂ ਵੀ ਇਹਨਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਦਫ਼ਤਰ ਵੱਲੋਂ ਇਸ ਮੌਕੇ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਤਾਂ ਜੋ ਸਾਹਿਤ ਦਾ ਖਜ਼ਾਨਾ ਹਰ ਕਿਸੇ ਤੱਕ ਪਹੁੰਚ ਸਕੇ। ਇਸ ਦੇ ਨਾਲ ਹੀ ਮੁਕਾਬਲੇ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਸਮਾਗਮ ਦੀ ਸਫਲਤਾ ਵਾਸਤੇ ਇੰਸਟ੍ਰਕਟਰ ਬਲਦੇਵ ਸਿੰਘ, ਸ. ਗੁਰਵਿੰਦਰ ਸਿੰਘ ਜੂਨੀਅਰ ਸਹਾਇਕ, ਸ੍ਰੀ ਗੁਰਚਰਨ ਸਿੰਘ, ਸੇਵਾਦਾਰ, ਪ੍ਰਦੀਪ ਸਿੰਘ ਅਤੇ ਸਮੂਹ ਸਟੈਨੋਗ੍ਰਾਫ਼ੀ ਸਿਖਿਆਰਥੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਹਨਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਦਫ਼ਤਰ ਸਹਾਇਕ ਡਾਇਰੈਕਟਰ (ਪੰਜਾਬੀ ਸੈੱਲ), ਚੰਡੀਗੜ੍ਹ ਵੱਲੋਂ ਸਰਕਾਰੀ ਕਾਲਜ, ਮੋਹਾਲੀ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਪ੍ਰੋਫੈਸਰ ਸਿਮੀ ਅਗਨੀਹੋਤਰੀ ਸਰਕਾਰੀ ਕਾਲਜ ਹਰੋਲੀ ਵਿੱਚ ਐਨਸੀਸੀ ਯੂਨਿਟ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ, 'ਗ੍ਰੀਨ ਇੰਡੀਆ ਕਲੀਨ ਇੰਡੀਆ' ਪਹਿਲ ਨੂੰ ਮਿਲਿਆ ਬਲ

**ਪੈ.ਗਾਮ-ਏ-ਜਗਤ ਹਰੋਲੀ/ਊਨਾ, 7 ਅਕਤੂਬਰ (ਰਾਜਵੀਰ ਚੋਪੜਾ)**




ਵਾਤਾਵਰਣ ਦੀ ਸੰਭਾਲ ਅਤੇ ਹਰਿਆਲੀ ਵਧਾਉਣ ਦੇ ਉਦੇਸ਼ ਨਾਲ ਪ੍ਰੋਫੈਸਰ ਸਿਮੀ ਅਗਨੀਹੋਤਰੀ ਸਰਕਾਰੀ ਕਾਲਜ ਹਰੋਲੀ ਦੀ ਐਨਸੀਸੀਯੂਨਿਟ ਵੱਲੋਂ ਇੱਕ ਵਿਸ਼ੇਸ਼ ਬੂਟੇ ਲਗਾਉਣ ਦੀ ਮੁਹਿੰਮ ਕਰਵਾਈ ਗਈ। ਇਹ ਪ੍ਰੋਗਰਾਮ 'ਗ੍ਰੀਨ ਇੰਡੀਆ ਕਲੀਨ ਇੰਡੀਆ' ਪਹਿਲ ਤਹਿਤ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ 40 ਐਨਸੀਸੀ ਕੈਡਿਟਾਂ ਨੇ ਉਤਸ਼ਾਹ ਨਾਲ ਭਾਗ ਲਿਆ।

ਪ੍ਰੋਗਰਾਮ ਦੀ ਅਗਵਾਈ ਕਾਲਜ ਦੇ ਪ੍ਰਿੰਸੀਪਲ ਡਾ. ਰਾਜਿੰਦਰ ਕੁਮਾਰ ਅਤੇ ਐਨਸੀਸੀ ਅਧਿਕਾਰੀ ਅਸ਼ੀਸ਼ ਕੁਮਾਰ ਨੇ ਕੀਤੀ। ਪ੍ਰੋਗਰਾਮ ਦੌਰਾਨ ਕੈਡਿਟਾਂ ਨੇ ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ। ਪ੍ਰਿੰਸੀਪਲ ਡਾ. ਰਾਜਿੰਦਰ ਕੁਮਾਰ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੂਟੇ ਲਗਾਉਣ ਨਾਲ ਨਾ ਸਿਰਫ਼ ਵਾਤਾਵਰਣ ਨੂੰ ਸਾਫ਼ ਰੱਖਣ ਵਿੱਚ ਮਦਦ ਮਿਲਦੀ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਣ ਵੀ ਯਕੀਨੀ ਬਣਦਾ ਹੈ। ਐਨਸੀਸੀਅਧਿਕਾਰੀ ਅਸ਼ੀਸ਼ ਕੁਮਾਰ ਨੇ ਕੈਡਿਟਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਵਿੱਚ ਨੌਜਵਾਨ ਪੀੜ੍ਹੀ ਦੀ ਸਰਗਰਮ ਭੂਮਿਕਾ ਦੇਸ਼ ਦੇ ਹਰਿਆਲੇ ਭਵਿੱਖ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਕੈਡਿਟਾਂ ਨੂੰ ਲਗਾਏ ਗਏ ਬੂਟਿਆਂ ਦੀ ਨਿਯਮਤ ਦੇਖਭਾਲ ਕਰਨ ਅਤੇ ਉਨ੍ਹਾਂ ਨੂੰ ਵੱਡਾ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ। ਇਸ ਮੌਕੇ ਪ੍ਰੋਗਰਾਮ ਦੀ ਸਮਾਪਤੀ ਸਾਰੇ ਭਾਗੀਦਾਰਾਂ ਵੱਲੋਂ ਵਾਤਾਵਰਣ ਦੀ ਸੰਭਾਲ ਦੀ ਸਹੁੰ ਚੁੱਕਣ ਨਾਲ ਹੋਈ।

# ਫਸਲ ਖਰੀਦ ਵਿਚ ਕਿਸਾਨਾਂ ਨੂੰ ਕਿਸੇ ਪੱਧਰ ਉਤੇ ਪ੍ਰੇਸ਼ਾਨੀ ਨਾ ਹੋਵੇ, ਫਸਲ ਚੁੱਕੀ ਜਾਣੀ ਯਕੀਨੀ ਹੋਵੇ : ਮੁੱਖ ਮੰਤਰੀ

**ਪੈ.ਗਾਮ-ਏ-ਜਗਤ/ਚੰਡੀਗੜ੍ਹ 7 ਅਕਤੂਬਰ (ਹਰਮਿੰਦਰ ਸਿੰਘ ਨਾਗਪਾਲ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਸੂਬੇ ਦੀਆਂ ਮੰਡੀਆਂ ਵਿੱਚ ਖ਼ਰੀਦੀ ਜਾ ਰਹੀ ਝੋਨੇ ਅਤੇ ਬਾਜਰੇ ਦੀ ਫ਼ਸਲ ਦਾ ਤੁਰੰਤ ਪ੍ਰਭਾਵ ਨਾਲ ਚੁੱਕਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੰਡੀਆਂ ਵਿੱਚ ਖ਼ਰੀਦ ਤੋਂ ਲੈ ਕੇ ਚੁੱਕਣ ਅਤੇ ਭੁਗਤਾਨ ਤੱਕ ਦੀ ਪੂਰੀ ਵਿਵਸਥਾ ਸੁਚਾਰੂ ਢੰਗ ਨਾਲ ਚੱਲਣੀ ਚਾਹੀਦੀ ਹੈ। ਮੁੱਖ ਮੰਤਰੀ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ ਖ਼ਰੀਫ਼ ਫ਼ਸਲਾਂ ਦੀ ਖ਼ਰੀਦ ਪ੍ਰਕਿਰਿਆ ਦੀ ਸਮੀਖਿਆ ਕਰਨ ਲਈ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਿਜੇਂਦਰ ਕੁਮਾਰ, ਖ਼ਾਦ, ਨਾਗਰਿਕ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੀ ਪ੍ਰਧਾਨ ਸਕੱਤਰ ਸ਼੍ਰੀਮਤੀ ਅਮਨੀਤ ਪੀ. ਕੁਮਾਰ ਸਮੇਤ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਮੀਟਿੰਗ ਵਿੱਚ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਸੂਬੇ ਵਿੱਚ ਜਾਰੀ ਖ਼ਰੀਫ਼ ਫ਼ਸਲਾਂ ਦੀ ਖ਼ਰੀਦ ਪ੍ਰਕਿਰਿਆ ਤਹਿਤ ਹੁਣ ਤੱਕ 5 ਲੱਖ ਕੁਇੰਟਲ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀਆਂ ਵਿੱਚ ਆਮਦ ਵਧਣ ਦੇ ਨਾਲ-ਨਾਲ ਚੁੱਕਣ ਦੀ ਵਿਵਸਥਾ ਵੀ ਉਸੇ ਰਫ਼ਤਾਰ ਨਾਲ ਯਕੀਨੀ ਬਣਾਈ ਜਾਵੇ, ਤਾਂ ਜੋ ਮੰਡੀਆਂ ਵਿੱਚ ਬੇਲੋੜਾ ਸਟਾਕ ਜਮ੍ਹਾ ਨਾ ਹੋਵੇ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਲਿਆਉਣ ਵਿੱਚ ਕੋਈ ਦਿੱਕਤ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਇਸ ਸਾਲ ਹਰਿਆਣਾ ਦੇ ਕਿਸਾਨਾਂ ਨੂੰ ਬਾਜਰੇ ਲਈ 2,900 ਰੁਪਏ ਪ੍ਰਤੀ ਕੁਇੰਟਲ ਦਾ ਘੱਟੋ-ਘੱਟ ਸਮਰਥਨ ਮੁੱਲ ਮਿਲੇ। ਇਸ ਸਾਲ ਸਰਕਾਰ ਵੱਲੋਂ ਬਾਜਰੇ ਦੀ ਖ਼ਰੀਦ 2,300 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਕੀਤੀ ਜਾਵੇਗੀ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੋਹਾਲੀ ਹਲਕੇ ਤੋਂ ਦੋ ਬੱਸਾਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਵਿਧਾਨ ਸਭਾ ਹਲਕਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਵੱਲੋਂ ਅੱਜ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਦੋ ਬੱਸਾਂ ਸੀਨੀਅਰ ਨਾਗਰਿਕ ਸ਼ਰਧਾਲੂਆਂ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਕੀਤਾ ਗਿਆ।



- **ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ ਪਿੰਡ ਕੰਡਾਲਾ ਅਤੇ ਬਲੌਂਗੀ ਤੋਂ ਬੱਸਾਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ**

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੀਨੀਅਰ ਨਾਗਰਿਕ ਸ਼ਰਧਾਲੂਆਂ ਨੂੰ ਵੱਖ-ਵੱਖ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਦੌਰਾਨ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਭਗਵਾਨ ਵਾਲਮੀਕੀ ਮੰਦਰ ਰਾਮਤੀਰਥ, ਵਾਹਗਾ ਬਾਰਡਰ ਅਤੇ ਜਲ੍ਹਿਆਂਵਾਲਾ ਬਾਗ ਦੇ ਦਰਸ਼ਨ ਕਰਨਗੇ।

ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਦੇ ਨਾਲ ਮਾਹਿਰ ਗਾਈਡ ਵੀ ਮੌਜੂਦ ਰਹੇਗਾ, ਜੋ ਇਨ੍ਹਾਂ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਮੋਹਾਲੀ ਹਲਕੇ ਵਿੱਚ ਇਸ ਯਾਤਰਾ ਨੂੰ ਲੈ ਕੇ ਲੋਕਾਂ ਵਿੱਚ ਉਤਸ਼ਾਹ ਹੈ ਅਤੇ ਚਾਹਵਾਨ ਸੀਨੀਅਰ ਨਾਗਰਿਕਾਂ ਵੱਲੋਂ ਯਾਤਰਾ ਲਈ ਲਗਾਤਾਰ ਰਜਿਸਟ੍ਰੇਸ਼ਨ ਕਰਵਾਈ ਜਾ ਰਹੀ ਹੈ।

ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਪੰਜਾਬ ਦੇ ਸੀਨੀਅਰ ਨਾਗਰਿਕਾਂ ਨੂੰ ਸਾਂਝੇ ਤੌਰ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਦੀ ਸਹੂਲਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਯਾਤਰਾ ਨਾਲ ਸਬੰਧਤ ਆਵਾਜਾਈ, ਰਿਹਾਇਸ਼ ਅਤੇ ਹੋਰ ਲੋੜੀਂਦੇ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤੇ ਜਾਂਦੇ ਹਨ। ਇਸ ਮੌਕੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ ਅਤੇ ਸਟੇਟ ਐਵਾਰਡੀ ਫੂਲਰਾਜ ਸਿੰਘ ਨੇ ਕਿਹਾ ਕਿ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ, ਇਸ ਲਈ ਪ੍ਰਬੰਧਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਕੁਲਵੰਤ ਸਿੰਘ ਵੱਲੋਂ ਵੀ ਯਾਤਰਾ ਸਬੰਧੀ ਪ੍ਰਬੰਧਾਂ ਅਤੇ ਸ਼ਰਧਾਲੂਆਂ ਦੀਆਂ ਲੋੜਾਂ ਬਾਰੇ ਜਾਣਕਾਰੀ ਲਈ ਜਾਂਦੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਸਮਾਣਾ, ਆਰ.ਪੀ. ਸ਼ਰਮਾ, ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਮੋਹਾਲੀ, ਹਰਪ੍ਰੀਤ ਸਿੰਘ ਸਰਪੰਚ ਕੰਡਾਲਾ, ਜਸਵਿੰਦਰ ਕੌਰ ਸਰਪੰਚ ਬਲੌਂਗੀ, ਮੁੱਖਣ ਸਿੰਘ, ਰਾਮ ਕੁਮਾਰ, ਗੀਟਾ, ਕਰਮਜੀਤ ਕੌਰ, ਦਵਿੰਦਰ ਸਿੰਘ ਸਰਪੰਚ, ਅਮਰਜੀਤ ਸਿੰਘ ਸਿੱਧੂ, ਮੰਗਨ ਲਾਲ, ਲਾਲ ਬਹਾਦਰ, ਕਮਲਜੀਤ ਸਿੰਘ ਮਟੌਰ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਸ੍ਰੀ ਗੁਰੂ ਰਵੀਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਪਿੰਡ ਦੇਹ ਕਲਾਂ, ਧੜਾਕ ਕਲਾਂ ਅਤੇ ਧੜਾਕ ਖੁਰਦ ਵਿਖੇ ਦਿਖਾਈ

**ਖਰੜ, 07 ਅਕਤੂਬਰ (ਪੈ.ਗਾਮ-ਏ-ਜਗਤ)**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੂਬੇ ਭਰ ਵਿੱਚ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਫਿਲਮ ਤਹਿਤ ਖਰੜ ਬਲਾਕ ਦੇ ਪਿੰਡ ਦੇਹ ਕਲਾਂ, ਧੜਾਕ ਕਲਾਂ ਅਤੇ ਧੜਾਕ ਖੁਰਦ ਵਿਖੇ 30 ਮਿੰਟ ਦੀ ਦਸਤਾਵੇਜ਼ੀ ਫਿਲਮ ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਗਈ। ਇਸ ਮੌਕੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਸ਼ਰਧਾ ਅਤੇ ਉਤਸ਼ਾਹ ਨਾਲ ਡਾਕੂਮੈਂਟਰੀ ਦੇਖੀ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਪ ਮੰਡਲ ਮੈਜਿਸਟ੍ਰੇਟ, ਖਰੜ ਸ੍ਰੀ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਮਹਾਨ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ।

ਉਨ੍ਹਾਂ ਦੱਸਿਆ ਕਿ 30 ਮਿੰਟ ਦੀ ਇਸ ਵਿਸ਼ੇਸ਼ ਡਾਕੂਮੈਂਟਰੀ ਵਿੱਚ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ ਜੁੜੇ ਵੱਖ-ਵੱਖ ਪੱਖਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਡਾਕੂਮੈਂਟਰੀ ਰਾਹੀਂ ਸਮਾਜ ਵਿੱਚ ਬਰਾਬਰਤਾ, ਭਾਈਚਾਰਕ ਸਾਂਝ, ਮਨੁੱਖਤਾ, ਆਪਸੀ ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ।

ਗੁਰਮੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਬਹੁਤ ਪ੍ਰੇਰਣਾਦਾਇਕ ਹਨ ਅਤੇ ਉਨ੍ਹਾਂ ਦਾ ਸੰਦੇਸ਼ ਹਰ ਵਰਗ ਦੇ ਲੋਕਾਂ ਨੂੰ ਆਪਸੀ ਸਾਂਝ, ਸਤਿਕਾਰ ਅਤੇ ਸਮਾਨਤਾ ਨਾਲ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ 'ਤੇ ਐਲ.ਈ.ਡੀ. ਸਕਰੀਨ ਰਾਹੀਂ ਡਾਕੂਮੈਂਟਰੀ ਦਿਖਾਉਣ ਦਾ ਉਪਰਾਲਾ ਲੋਕਾਂ ਨੂੰ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਜੋੜਨ ਵਿੱਚ ਸਹਾਈ ਸਿੱਧ ਹੋ ਰਿਹਾ ਹੈ। ਇਸ ਮੌਕੇ ਦੇਹ ਕਲਾਂ, ਧੜਾਕ ਕਲਾਂ ਅਤੇ ਧੜਾਕ ਖੁਰਦ ਦੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨ ਰਾਹੀਂ ਡਾਕੂਮੈਂਟਰੀ ਦਿਖਾਉਣ ਨਾਲ ਲੋਕਾਂ, ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਮੌਕਾ ਮਿਲ ਰਿਹਾ ਹੈ। ਡਾਕੂਮੈਂਟਰੀ ਦੇ ਪ੍ਰਦਰਸ਼ਨ ਦੌਰਾਨ ਪਿੰਡ ਵਾਸੀਆਂ ਨੇ ਸ਼ਰਧਾ ਨਾਲ ਇਸ ਨੂੰ ਦੇਖਿਆ ਅਤੇ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੰਦੇਸ਼ ਲਿਆ।

# 'ਮੇਰਾ ਘਰ ਮੇਰਾ ਮਾਣ' ਯੋਜਨਾ ਤਹਿਤ ਵਿਧਾਇਕ ਕੁਲਵੰਤ ਸਿੰਘ ਨੇ ਲਾਲ ਡੋਰੇ ਅਧੀਨ ਆਉਂਦੀਆਂ ਜਾਇਦਾਦਾਂ ਦੇ ਮਾਲਕਾਂ ਨੂੰ ਮਾਲਕੀ ਕਾਰਡ ਵੰਡੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

- **ਪੰਜਾਬ ਭਰ ਵਿੱਚ ਅੱਜ 149 ਪਿੰਡਾਂ ਦੇ ਵਸਨੀਕਾਂ ਨੂੰ ਕਰੀਬ 16,000 ਮਾਲਕੀ ਕਾਰਡ ਵੰਡੇ; ਮੋਹਾਲੀ ਉਪ ਮੰਡਲ ਵਿੱਚ 42 ਕਾਰਡ ਵੰਡੇ : ਐਮ.ਐਲ.ਏ. ਕੁਲਵੰਤ ਸਿੰਘ**



'ਮੇਰਾ ਘਰ ਮੇਰਾ ਮਾਣ' ਯੋਜਨਾ ਤਹਿਤ ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿਧਾਇਕ ਸ. ਕੁਲਵੰਤ ਸਿੰਘ ਵੱਲੋਂ ਅੱਜ ਪਿੰਡ ਹੁਸੈਨਪੁਰ ਵਿਖੇ ਲਾਲ ਡੋਰੇ ਅਧੀਨ ਆਉਂਦੀਆਂ ਜਾਇਦਾਦਾਂ ਦੇ ਮਾਲਕਾਂ ਨੂੰ ਮਾਲਕੀ ਕਾਰਡ ਵੰਡੇ ਗਏ। ਇਸ ਮੌਕੇ 42 ਜਾਇਦਾਦ ਮਾਲਕਾਂ ਨੂੰ ਮਾਲਕੀ ਕਾਰਡ ਪ੍ਰਦਾਨ ਕੀਤੇ ਗਏ।

ਇਸ ਮੌਕੇ ਸ. ਕੁਲਵੰਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਪਹਿਲਕਦਮੀ ਤੇ ਪੰਜਾਬ ਭਰ ਵਿੱਚ ਅੱਜ 149 ਪਿੰਡਾਂ ਦੇ ਵਸਨੀਕਾਂ ਨੂੰ ਕਰੀਬ 16,000 ਮਾਲਕੀ ਕਾਰਡ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਲਾਲ ਡੋਰੇ ਅਧੀਨ ਆਉਂਦੀਆਂ ਜਾਇਦਾਦਾਂ ਸਬੰਧੀ ਪਹਿਲਾਂ ਮਾਲਕੀ ਦੇ ਦਸਤਾਵੇਜ਼ ਉਪਲਬਧ ਨਾ ਹੋਣ ਕਾਰਨ ਲੋਕਾਂ ਨੂੰ ਕਈ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮਾਲਕੀ ਕਾਰਡ ਇਸ ਸਬੰਧੀ ਦਸਤਾਵੇਜ਼ੀ ਸਬੂਤ ਉਪਲਬਧ ਕਰਵਾਉਣ ਵਿੱਚ ਸਹਾਇਕ ਹੋਣਗੇ।

ਉਨ੍ਹਾਂ ਦੱਸਿਆ ਕਿ ਮਾਲਕੀ ਪ੍ਰਮਾਣ ਪੱਤਰ ਵਿੱਚ ਜਾਇਦਾਦ ਦੇ ਮਾਲਕੀ ਹੱਕਾਂ ਦੀ ਸਪੱਸ਼ਟ ਪਛਾਣ ਲਈ ਲੋੜੀਂਦੇ ਵੇਰਵੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚ ਦੇਸ਼ਾਂਤਰ ਅਤੇ ਵਿਥਕਾਰ, ਛਤਿਆ ਹੋਇਆ ਖੇਤਰਫਲ, ਉਸਾਰੀ ਹੋਇਆ ਖੇਤਰਫਲ, ਖੁੱਲ੍ਹਾ ਖੇਤਰਫਲ ਅਤੇ ਸਰਵੇਖਣ ਇਕਾਈ ਦਾ ਨਕਸ਼ਾ ਆਦਿ ਸ਼ਾਮਲ ਹਨ। ਇਸ ਨਾਲ ਜਾਇਦਾਦ ਦੀ ਸਥਿਤੀ ਅਤੇ ਮਾਲਕੀ ਸਬੰਧੀ ਰਿਕਾਰਡ ਨੂੰ ਸਪੱਸ਼ਟ ਅਤੇ ਵਿਵਸਥਿਤ ਢੰਗ ਨਾਲ ਦਰਜ ਕਰਨ ਵਿੱਚ ਮਦਦ ਮਿਲੇਗੀ। ਸ. ਕੁਲਵੰਤ ਸਿੰਘ ਨੇ ਕਿਹਾ ਕਿ ਪਹਿਲਾਂ ਜਾਇਦਾਦ ਦੀ ਮਾਲਕੀ ਸਬੰਧੀ ਦਸਤਾਵੇਜ਼ੀ ਸਪੱਸ਼ਟਤਾ ਨਾ ਹੋਣ ਕਾਰਨ ਕਈ ਪਰਿਵਾਰਾਂ ਵਿੱਚ ਮਾਲਕੀ ਹੱਕਾਂ ਨੂੰ ਲੈ ਕੇ ਵਿਵਾਦ ਵੀ ਪੈਦਾ ਹੁੰਦੇ ਸਨ। ਮਾਲਕੀ ਕਾਰਡ ਜਾਇਦਾਦ ਦੇ ਹੱਕਾਂ ਸਬੰਧੀ ਸਪੱਸ਼ਟ ਦਸਤਾਵੇਜ਼ੀ ਰਿਕਾਰਡ ਮੁਹੱਈਆ ਕਰਵਾ ਕੇ ਅਜਿਹੀਆਂ ਮੁਸ਼ਕਲਾਂ ਨੂੰ ਘਟਾਉਣ ਵਿੱਚ ਸਹਾਇਕ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਨਾਲ ਸਬੰਧਤ ਵੱਖ-ਵੱਖ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਮੁੱਖ ਮੰਤਰੀ ਸਿਹਤ ਯੋਜਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਤਹਿਤ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਵੀ ਯੋਗ ਲਾਭਪਾਤਰੀ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਮਾਲਕੀ ਕਾਰਡ ਪ੍ਰਾਪਤ ਕਰਨ ਵਾਲੇ ਪਿੰਡ ਵਾਸੀਆਂ ਨੇ ਜਾਇਦਾਦ ਦੀ ਮਾਲਕੀ ਸਬੰਧੀ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣ ਲਈ ਪ੍ਰਸ਼ਾਸਨ ਅਤੇ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਐਸ.ਡੀ.ਐਮ. ਮੋਹਾਲੀ ਸ੍ਰੀਮਤੀ ਦਮਨਦੀਪ ਕੌਰ, ਤਹਿਸੀਲਦਾਰ ਮੋਹਾਲੀ ਸ. ਗੁਰਪ੍ਰੀਤ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਲੀਡਰ ਸ. ਕੁਲਦੀਪ ਸਿੰਘ ਸਮਾਣਾ ਅਤੇ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਪਤਨੀ ਅਵਤਾਰ ਕੌਰ ਦੀ ਯਾਦ ਵਿੱਚ ਸਮਾਜ ਸੇਵੀ ਮਨਜੀਤ ਸਿੰਘ ਭੱਲਾ ਵੱਲੋਂ ਏਕੇ ਫਾਊਂਡੇਸ਼ਨ ਦੀ ਸ਼ੁਰੂਆਤ

**ਪੈ.ਗਾਮ-ਏ-ਜਗਤ/ਮੋਹਾਲੀ (ਹਰਮਿੰਦਰ ਸਿੰਘ ਨਾਗਪਾਲ)**

- **ਲੋੜਵੰਦਾਂ ਨੂੰ ਮੁਫ਼ਤ ਸੁਣਨ ਵਾਲੀਆਂ ਮਸ਼ੀਨਾਂ ਵੰਡੀਆਂ, ਭਵਿੱਖ ਵਿੱਚ ਖੂਨਦਾਨ, ਅੱਖਾਂ ਅਤੇ ਮੈਡੀਕਲ ਕੈਂਪ ਲਗਾਉਣ ਦਾ ਐਲਾਨ**



ਮੋਹਾਲੀ ਦੇ ਫੇਜ਼-6 ਦੇ ਵਸਨੀਕ ਅਤੇ ਵੇਰਕਾ ਮਿਲਕ ਪਲਾਂਟ ਮੋਹਾਲੀ ਤੋਂ ਸੀਨੀਅਰ ਮੈਨੇਜਰ ਵਜੋਂ ਸੇਵਾਮੁਕਤ ਹੋਏ ਪ੍ਰਸਿੱਧ ਸਮਾਜ ਸੇਵੀ ਮਨਜੀਤ ਸਿੰਘ ਭੱਲਾ ਵੱਲੋਂ ਆਪਣੀ ਸਵਰਗਵਾਸੀ ਪਤਨੀ ਅਵਤਾਰ ਕੌਰ ਦੀ ਯਾਦ ਵਿੱਚ ਏਕੇ ਫਾਊਂਡੇਸ਼ਨ ਦੀ ਸ਼ੁਰੂਆਤ ਕੀਤੀ ਗਈ। ਫਾਊਂਡੇਸ਼ਨ ਦੀ ਸ਼ੁਰੂਆਤ ਮੌਕੇ ਮੋਹਾਲੀ ਦੇ ਫੇਜ਼-6 ਵਿਖੇ ਲੋੜਵੰਦ ਵਿਅਕਤੀਆਂ ਨੂੰ ਸੁਣਨ ਵਾਲੀਆਂ ਮਸ਼ੀਨਾਂ ਮੁਫ਼ਤ ਵੰਡੀਆਂ ਗਈਆਂ।

ਫਾਊਂਡੇਸ਼ਨ ਦੀ ਸ਼ੁਰੂਆਤ ਨਗਰ ਨਿਗਮ ਮੋਹਾਲੀ ਦੇ ਸੀਨੀਅਰ ਡਿਪਟੀ ਮੇਅਰ ਆਰ.ਪੀ. ਸ਼ਰਮਾ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਮਨਜੀਤ ਸਿੰਘ ਭੱਲਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨਜੀਤ ਸਿੰਘ ਭੱਲਾ ਅਤੇ ਉਨ੍ਹਾਂ ਦੀ ਸਵਰਗਵਾਸੀ ਪਤਨੀ ਅਵਤਾਰ ਕੌਰ ਵੱਲੋਂ ਪਹਿਲਾਂ ਵੀ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਮੁਫ਼ਤ ਅੱਖਾਂ ਦੇ ਜਾਂਚ ਕੈਂਪ ਲਗਾਉਣ ਦੇ ਨਾਲ-ਨਾਲ ਐਨਕਾਂ ਦੇ ਲੰਗਰ ਵੀ ਲਗਾਏ ਜਾਂਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਅਵਤਾਰ ਕੌਰ ਦੇ ਸਵਰਗਵਾਸ ਤੋਂ ਬਾਅਦ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਏਕੇ ਫਾਊਂਡੇਸ਼ਨ ਦੀ ਸ਼ੁਰੂਆਤ ਕਰਨਾ ਇੱਕ ਸਮਾਜ ਸੇਵੀ ਉਪਰਾਲਾ ਹੈ, ਜਿਸ ਰਾਹੀਂ ਭਵਿੱਖ ਵਿੱਚ ਵੀ ਲੋੜਵੰਦ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇਗੀ।

ਇਸ ਮੌਕੇ ਜਾਣਕਾਰੀ ਦਿੰਦਿਆਂ ਮਨਜੀਤ ਸਿੰਘ ਭੱਲਾ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਆਉਣ ਵਾਲੇ ਸਮੇਂ ਵਿੱਚ ਖੂਨਦਾਨ ਕੈਂਪ, ਅੱਖਾਂ ਦੇ ਜਾਂਚ ਕੈਂਪ, ਮੈਡੀਕਲ ਕੈਂਪ ਅਤੇ ਹੋਰ ਲੋਕ ਭਲਾਈ ਦੇ ਕਾਰਜ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਲੋੜਵੰਦ ਵਿਅਕਤੀ ਸਾਲ ਦੇ 365 ਦਿਨ ਕਿਸੇ ਵੀ ਦਿਨ ਉਨ੍ਹਾਂ ਦੇ ਦਫ਼ਤਰ ਨਾਲ ਸੰਪਰਕ ਕਰਕੇ ਐਨਕਾਂ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਆਰ.ਪੀ. ਸ਼ਰਮਾ, ਬਲਵਿੰਦਰ ਸਿੰਘ ਜੰਮੂ, ਐਡਵੋਕੇਟ ਹਰਮਨ ਹੁੰਦਲ, ਪਰਮਬੀਰ ਸਿੰਘ ਭੱਲਾ (ਸਪੁੱਤਰ) ਸਮੇਤ ਹੋਰ ਪਤਵੰਤੇ ਅਤੇ ਸਮਾਜ ਸੇਵੀ ਹਾਜ਼ਰ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਆਰਬੀਯੂ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ

**ਚੰਡੀਗੜ੍ਹ, 7 ਅਕਤੂਬਰ (ਪੈ.ਗਾਮ-ਏ-ਜਗਤ)**

- **ਲੜਕੀਆਂ ਦੀ ਵਾਲੀਬਾਲ ਟੀਮ ਜ਼ਿਲ੍ਹਾ ਪੱਧਰ 'ਤੇ ਚੈਂਪੀਅਨ, ਕਈ ਐਥਲੀਟਾਂ ਨੇ ਰਾਜ ਪੱਧਰੀ ਮੁਕਾਬਲੇ ਲਈ ਕੀਤਾ ਕੁਆਲੀਫਾਈ**




ਰਿਆਤ ਬਾਹਰਾ ਯੂਨੀਵਰਸਿਟੀ (ਆਰਬੀਯੂ) ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ 'ਖੇਡਾਂ ਵਤਨ ਪੰਜਾਬ ਦੀਆਂ' ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ। ਆਰਬੀਯੂ ਦੀ ਲੜਕੀਆਂ ਦੀ ਵਾਲੀਬਾਲ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਕਈ ਵਿਅਕਤੀਗਤ ਖਿਡਾਰੀਆਂ ਨੇ ਵੀ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਾਜ ਪੱਧਰੀ ਮੁਕਾਬਲੇ ਲਈ ਕੁਆਲੀਫਾਈ ਕੀਤਾ।

ਆਰਬੀਯੂ ਦੇ ਡਾਇਰੈਕਟਰ ਸਪੋਰਟਸ ਕਰਮਵੀਰ ਸਿੰਘ ਨੇ ਦੱਸਿਆ ਕਿ ਵਿਅਕਤੀਗਤ ਮੁਕਾਬਲਿਆਂ ਵਿੱਚ ਕਰਨ ਨੇ ਅੰਡਰ-21 ਲੰਬੀ ਛਾਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸਹਿਜ ਨੇ ਅੰਡਰ-21 ਉੱਚੀ ਛਾਲ ਵਿੱਚ ਸਿਖਰਲਾ ਸਥਾਨ ਪ੍ਰਾਪਤ ਕੀਤਾ। ਅਰਮਾਨ ਅਤੇ ਨਿਕਿਤਾ ਨੇ ਅੰਡਰ-21 ਲੰਬੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਗੁਰਹਰਮਨ ਕੌਰ ਨੇ ਅੰਡਰ-21 , 400 ਮੀਟਰ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਸੁਖਪ੍ਰੀਤ ਨੇ ਅੰਡਰ-21 ਉੱਚੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਸਪਿੰਦਰ ਨੇ ਵੀ ਅੰਡਰ-21 ਉੱਚੀ ਛਾਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਦਿਆਂ ਯੂਨੀਵਰਸਿਟੀ ਦੀ ਤਗਮਾ ਸੂਚੀ ਵਿੱਚ ਇੱਕ ਹੋਰ ਤਗਮਾ ਜੋੜਿਆ।

ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਖਿਡਾਰੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਅਤੇ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀਆਂ ਖਿਡਾਰੀਆਂ ਦੀ ਲਗਾਤਾਰ ਮਿਹਨਤ, ਲਗਨ ਅਤੇ ਅਨੁਸ਼ਾਸਨ ਦੇ ਨਾਲ-ਨਾਲ ਯੂਨੀਵਰਸਿਟੀ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਨਿਯਮਤ ਸਿਖਲਾਈ ਅਤੇ ਖੇਡ ਸਹੂਲਤਾਂ ਦਾ ਨਤੀਜਾ ਹਨ।

ਉਨ੍ਹਾਂ ਨੇ ਆਸ ਪ੍ਰਗਟਾਈ ਕਿ ਆਰਬੀਯੂ ਦੇ ਖਿਡਾਰੀ ਰਾਜ ਪੱਧਰੀ ਮੁਕਾਬਲਿਆਂ ਵਿੱਚ ਵੀ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਯੂਨੀਵਰਸਿਟੀ ਦਾ ਨਾਮ ਹੋਰ ਉੱਚਾ ਕਰਨਗੇ। ਰਾਜ ਪੱਧਰੀ ਮੁਕਾਬਲਿਆਂ ਲਈ ਚੁਣੇ ਗਏ ਖਿਡਾਰੀ ਅਤੇ ਵਾਲੀਬਾਲ ਟੀਮ ਨੇ ਇਸ ਮਾਣਮੱਤੀ ਪ੍ਰਾਪਤੀ ਤੋਂ ਬਾਅਦ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ।

# ਜ਼ਿਲ੍ਹਾ ਭਾਸ਼ਾ ਦਫ਼ਤਰ, ਐੱਸ.ਏ.ਐੱਸ.ਨਗਰ ਵੱਲੋਂ ਕੁਇਜ਼ ਮੁਕਾਬਲੇ 2026 ਦਾ ਆਯੋਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 07 ਅਕਤੂਬਰ (ਪੈ.ਗਾਮ-ਏ-ਜਗਤ)**

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਬਾਰੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਵੱਲੋਂ ਅੱਜ ਖਾਲਸਾ ਕਾਲਜ ਆਫ਼ ਟੈਕਨੋਲੋਜੀ ਐਂਡ ਬਿਜ਼ਨਸ ਸਟਡੀਜ਼, ਐੱਸ.ਏ.ਐੱਸ.ਨਗਰ ਵਿਖੇ ਵਿਦਿਆਰਥੀਆਂ ਦੇ ਲਿਖਤੀ ਬਾਲ ਸਾਹਿਤ ਕੁਇਜ਼ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਜ਼ਿਲ੍ਹੇ ਨਾਲ ਸਬੰਧਤ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਲਗਭਗ 112 ਵਿਦਿਆਰਥੀਆਂ ਨੇ ਭਾਗ ਲਿਆ। ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਮੁਕਾਬਲਿਆਂ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਪਤਵੰਤਿਆਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਮੁਕਾਬਲਿਆਂ ਦੇ ਨਿਯਮ ਸਾਂਝੇ ਕੀਤੇ ਗਏ। ਨਿਯਮਾਂ ਅਨੁਸਾਰ ਕੁਇਜ਼ ਮੁਕਾਬਲੇ ਲਿਖਤੀ ਕਰਵਾਏ ਗਏ ਅਤੇ ਇਨ੍ਹਾਂ ਲਈ ਇੱਕ ਘੰਟਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ, ਧਰਮ, ਸ਼ਖ਼ਸੀਅਤਾਂ, ਸੱਭਿਆਚਾਰਕ, ਇਤਿਹਾਸ ਅਤੇ ਭੂਗੋਲ ਨਾਲ ਸਬੰਧਿਤ ਕੁੱਲ 100 ਪ੍ਰਸ਼ਨ ਪੁੱਛੇ ਗਏ ਤੇ ਪ੍ਰਸ਼ਨ ਪੱਤਰ ਦੇ ਕੁੱਲ ਅੰਕ 400 ਸਨ।



ਇਨ੍ਹਾਂ ਮੁਕਾਬਲਿਆਂ ਵਿੱਚ ਵਰਗ 'ੳ' (ਛੇਵੀਂ ਤੋਂ ਅੱਠਵੀਂ) ਵਿੱਚ ਪਹਿਲਾ ਸਥਾਨ ਜਸਨੂਰ ਕੌਰ (ਸ਼ਿਵਾਲਿਕ ਪਬਲਿਕ ਸਕੂਲ, ਫੇਜ਼-6, ਐੱਸ.ਏ.ਐੱਸ.ਨਗਰ), ਦੂਜਾ ਸਥਾਨ ਮਨਸੀਰਤ (ਸਰਕਾਰੀ ਹਾਈ ਸਕੂਲ, ਗੜਾਂਗਾਂ) ਅਤੇ ਤੀਜਾ ਸਥਾਨ ਅਗਮਜੋਤ ਸਿੰਘ (ਨੈਸ਼ਨਲ ਪਬਲਿਕ ਸਕੂਲ, ਕੁਰਾਲੀ) ਨੇ ਪ੍ਰਾਪਤ ਕੀਤਾ। ਇਸੇ ਪ੍ਰਕਾਰ ਵਰਗ 'ਅ' (ਨੌਵੀਂ ਤੋਂ ਬਾਰ੍ਹਵੀਂ) ਵਿੱਚ ਪਹਿਲਾ ਸਥਾਨ ਸਾਨੀਆ ਗਿੱਲ (ਸ.ਮਾ.ਸੀ.ਸੈ. ਸਕੂਲ, ਘੜੂੰਆਂ), ਦੂਜਾ ਸਥਾਨ ਹਰਲੀਨ ਕੌਰ (ਸ਼ਿਵਾਲਿਕ ਪਬਲਿਕ ਸਕੂਲ, ਫੇਜ਼-6, ਐੱਸ.ਏ.ਐੱਸ. ਨਗਰ), ਅਤੇ ਤੀਜਾ ਸਥਾਨ ਨਵਜੋਤ ਕੌਰ (ਸਰਕਾਰੀ ਹਾਈ ਸਕੂਲ, ਕਾਰਕੌਰ) ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ 'ੲ' ਵਰਗ (ਕਾਲਜ ਪੱਧਰ) ਵਿੱਚੋਂ ਪਹਿਲਾ ਸਥਾਨ ਹਰਪ੍ਰੀਤ ਕੌਰ (ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਭਾਗੋ ਮਾਜਰਾ), ਦੂਜਾ ਸਥਾਨ ਨਵਨੀਤ ਕੌਰ (ਸਰਕਾਰੀ ਕਾਲਜ, ਫੇਜ਼-6, ਮੋਹਾਲੀ) ਅਤੇ ਤੀਜਾ ਸਥਾਨ ਰਜਵਿੰਦਰ ਕੌਰ (ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਭਾਗੋ ਮਾਜਰਾ) ਨੇ ਪ੍ਰਾਪਤ ਕੀਤਾ। ਜ਼ਿਲ੍ਹੇ ਵਿੱਚੋਂ ਵੱਖ ਵੱਖ ਵਰਗਾਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਪੰਜਾਬੀ ਮਾਹ ਦੌਰਾਨ ਰਾਜ ਪੱਧਰੀ ਕੁਇਜ਼ ਮੁਕਾਬਲਿਆਂ ਵਿੱਚ ਭਾਗ ਲੈਣਗੇ।

ਇਸ ਮੌਕੇ ਸੀਨੀਅਰ ਸਹਾਇਕ ਮਨਜੀਤ ਸਿੰਘ ਵੀ ਮੌਜੂਦ ਸਨ। ਇਨ੍ਹਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਖਾਲਸਾ ਕਾਲਜ ਆਫ਼ ਟੈਕਨੋਲੋਜੀ ਐਂਡ ਬਿਜ਼ਨਸ ਸਟਡੀਜ਼, ਐੱਸ.ਏ.ਐੱਸ. ਨਗਰ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਗੈਸਟਰੋਇੰਟੈਸਟਾਈਨਲ ਬਲੀਡਿੰਗ ਨਾਲ ਜੂਝ ਰਹੇ 17 ਸਾਲਾ ਅਮਨ ਨੂੰ ਮੈਕਸ ਹਸਪਤਾਲ ਵਿੱਚ ਮਿਲਿਆ ਨਵਾਂ ਜੀਵਨ

**ਮੋਹਾਲੀ, 7 ਅਕਤੂਬਰ (ਪੈ.ਗਾਮ-ਏ-ਜਗਤ)**

ਗੰਭੀਰ ਗੈਸਟਰੋਇੰਟੈਸਟਾਈਨਲ ਬਲੀਡਿੰਗ ਨਾਲ ਜੂਝ ਰਹੇ ਇੱਕ ਟੀਨੇਜਰ ਨੂੰ ਮੈਕਸ ਹਸਪਤਾਲ, ਮੋਹਾਲੀ ਵਿੱਚ ਸਫਲ ਇਲਾਜ ਤੋਂ ਬਾਅਦ ਨਵਾਂ ਜੀਵਨ ਮਿਲਿਆ। 17 ਸਾਲਾ ਅਮਨ ਦੀ ਹਾਲਤ ਐਨੀਮੀਆ, ਅਸਧਾਰਨ ਤੌਰ 'ਤੇ ਖੂਨ ਦੇ ਥੱਕੇ ਬਣਨ ਅਤੇ ਲਿਵਰ ਦੀ ਕਾਰਗੁਜ਼ਾਰੀ ਨਾਲ ਸਬੰਧਤ ਅਸਧਾਰਨ ਪੈਰਾਮੀਟਰਾਂ ਕਾਰਨ ਹੋਰ ਵੀ ਗੰਭੀਰ ਹੋ ਗਈ ਸੀ। ਇਸ ਲਈ ਉਸ ਦੀ ਗਹਿਰੀ ਨਿਗਰਾਨੀ ਕਰਨ ਦੇ ਨਾਲ-ਨਾਲ ਕਈ ਵਾਰ ਖੂਨ ਚੜ੍ਹਾਉਣ ਦੀ ਲੋੜ ਪਈ। ਉਸਨੂੰ 10-12 ਦਿਨਾਂ ਤੋਂ ਬੁਖਾਰ ਸੀ। ਇਸ ਦੇ ਨਾਲ ਹੀ ਉਸਦੀ ਭੁੱਖ ਘੱਟ ਹੋ ਗਈ ਸੀ ਅਤੇ ਖਾਣਾ ਵੀ ਘੱਟ ਖਾ ਰਿਹਾ ਸੀ। ਬਾਅਦ ਵਿੱਚ ਉਸ ਦੀਆਂ ਅੱਖਾਂ ਵਿੱਚ ਪੀਲਾਪਣ ਅਤੇ ਪਿਸ਼ਾਬ ਦਾ ਰੰਗ ਗੂੜ੍ਹਾ ਹੋ ਗਿਆ। ਇਸ ਤੋਂ ਬਾਅਦ ਉਸ ਦੇ ਮਲ ਵਿੱਚ ਵਾਰ-ਵਾਰ ਤਾਜ਼ਾ ਖੂਨ ਆਉਣ ਲੱਗਾ।



ਗਹਿਰੇ ਡਾਕਟਰੀ ਇਲਾਜ ਅਤੇ ਕਈ ਵਾਰ ਖੂਨ ਚੜ੍ਹਾਉਣ ਦੇ ਬਾਵਜੂਦ ਉਸ ਦਾ ਹੀਮੋਗਲੋਬਿਨ ਲਗਾਤਾਰ ਘਟਦਾ ਰਿਹਾ ਅਤੇ ਖਤਰਨਾਕ ਤੌਰ 'ਤੇ ਹੇਠਲੇ ਪੱਧਰ 'ਤੇ ਪਹੁੰਚ ਗਿਆ। ਕੋਲੋਨੋਸਕੋਪੀ ਦੌਰਾਨ ਛੋਟੀ ਆਂਤ ਦੇ ਹੇਠਲੇ ਹਿੱਸੇ ਅਤੇ ਆਲੇ-ਦੁਆਲੇ ਦੀ ਆਂਤ ਵਿੱਚ ਕਈ ਅਲਸਰ ਪਾਏ ਗਏ, ਪਰ ਖੂਨ ਵਗਣ ਦੇ ਅਸਲ ਸਰੋਤ ਦੀ ਪਛਾਣ ਨਹੀਂ ਹੋ ਸਕੀ। ਐਸੋਸੀਏਟ ਡਾਇਰੈਕਟਰ-ਜੀਆਈ, ਐਮਏਐਸ ਅਤੇ ਬੈਰੀਐਟ੍ਰਿਕ ਸਰਜਰੀ, ਡਾ. ਅਮਨਦੀਪ ਸਿੰਘ ਸੰਧੂ ਦੀ ਅਗਵਾਈ ਹੇਠ ਮੈਕਸ ਹਸਪਤਾਲ ਦੀ ਮਲਟੀਡਿਸ਼ਪਲਿਨਰੀ ਮੈਡੀਕਲ ਟੀਮ ਨੇ ਖੂਨ ਵਗਣ ਦੇ ਸਰੋਤ ਦਾ ਪਤਾ ਲਗਾਉਣ ਅਤੇ ਉਸ ਨੂੰ ਕੰਟਰੋਲ ਕਰਨ ਲਈ ਇੱਕ ਵਿਸ਼ੇਸ਼ ਸਰਜਰੀ, ਐਕਸਪਲੋਰੇਟਰੀ ਲੈਪਰੋਟੋਮੀ ਦੇ ਨਾਲ ਆਨ-ਟੇਬਲ ਐਂਟਰੋਸਕੋਪੀ, ਕੀਤੀ। ਖੂਨ ਵਗਣਾ ਰੋਕਣ ਅਤੇ ਮਰੀਜ਼ ਦੀ ਹਾਲਤ ਨੂੰ ਸਥਿਰ ਕਰਨ ਲਈ ਮੈਕਸ ਦੇ ਸਰਜਨਾਂ ਨੇ ਲਗਭਗ 200 ਸੈਂਟੀਮੀਟਰ ਬਿਮਾਰ ਆਂਤ ਦੇ ਨਾਲ ਵੱਡੀ ਆਂਤ ਦੇ ਇੱਕ ਹਿੱਸੇ ਨੂੰ ਵੀ ਕੱਢ ਦਿੱਤਾ। ਇਸ ਤੋਂ ਬਾਅਦ ਸਰੀਰ ਵਿੱਚੋਂ ਰਹਿੰਦ-ਖੂੰਹਦ ਬਾਹਰ ਕੱਢਣ ਲਈ ਇੱਕ ਅਸਥਾਈ ਰਸਤਾ ਬਣਾਇਆ ਗਿਆ, ਤਾਂ ਜੋ ਆਂਤ ਨੂੰ ਠੀਕ ਹੋਣ ਲਈ ਸਮਾਂ ਮਿਲ ਸਕੇ। ਲਗਾਤਾਰ ਮਲਟੀਡਿਸ਼ਪਲਿਨਰੀ ਦੇਖਭਾਲ ਨਾਲ ਕਿਸ਼ੋਰ ਦੀ ਹਾਲਤ ਵਿੱਚ ਹੌਲੀ-ਹੌਲੀ ਸੁਧਾਰ ਹੋਇਆ ਅਤੇ 6 ਦਿਨਾਂ ਬਾਅਦ ਉਸਨੂੰ ਸਥਿਰ ਹਾਲਤ ਵਿੱਚ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

# ਐਸ.ਡੀ.ਐਮ. ਖਰੜ ਵੱਲੋਂ ਕਲੱਸਟਰ ਅਤੇ ਨੋਡਲ ਅ.ਫਸਰਾਂ ਨਾਲ ਪਰਾਲੀ ਪ੍ਰਬੰਧਨ ਸਬੰਧੀ ਮੀਟਿੰਗ

**ਖਰੜ, 7 ਅਕਤੂਬਰ (ਪੈ.ਗਾਮ-ਏ-ਜਗਤ)**

- **ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ, ਕੰਡਿਆਂ ਦੀ ਚੈਕਿੰਗ ਤੇ ਲਿਫਟਿੰਗ ਦਾ ਜਾਇਜ਼ਾ**
- **ਸ਼ਾਮ 6 ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਵਾਢੀ ਨਾ ਕੀਤੀ ਜਾਵੇ**



ਉਪ ਮੰਡਲ ਮੈਜਿਸਟ੍ਰੇਟ, ਖਰੜ ਸ਼੍ਰੀ ਗੁਰਮੀਤ ਸਿੰਘ ਵੱਲੋਂ ਅੱਜ ਖਰੜ ਸਬ ਡਵੀਜ਼ਨ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਇਸ ਮੌਕੇ ਮੰਡੀਆਂ ਵਿੱਚ ਕੰਡਿਆਂ ਦੀ ਚੈਕਿੰਗ ਕੀਤੀ ਗਈ ਅਤੇ ਲਿਫਟਿੰਗ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਵੱਲੋਂ ਇਸ ਮੌਕੇ ਚੱਲ ਰਹੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਕਿਸਾਨਾਂ, ਆੜ੍ਹਤੀਆਂ ਨਾਲ ਵੀ ਗੱਲਬਾਤ ਕੀਤੀ ਗਈ। ਇਸ ਤੋਂ ਇਲਾਵਾ ਖਰੀਦ ਏਜੰਸੀਆਂ ਨਾਲ ਵੀ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਦਾਉਂਮਾਜਰਾ ਅਤੇ ਕੁਰਾਲੀ ਮੰਡੀਆਂ ਦਾ ਵੀ ਦੌਰਾ ਕੀਤਾ ਗਿਆ।

ਉਨ੍ਹਾਂ ਇਸ ਮੌਕੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਮੰਡੀਆਂ ਵਿੱਚ ਸੁੱਕੀ ਫ਼ਸਲ ਹੀ ਲਿਆਂਦੀ ਜਾਵੇ। ਇਸ ਤੋਂ ਇਲਾਵਾ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਵਾਢੀ ਨਾ ਕੀਤੀ ਜਾਵੇ। ਉਪਰੰਤ ਉਪ ਮੰਡਲ ਮੈਜਿਸਟ੍ਰੇਟ, ਖਰੜ ਸ਼੍ਰੀ ਗੁਰਮੀਤ ਸਿੰਘ, ਪੀ.ਸੀ.ਐਸ ਵੱਲੋਂ ਆਪਣੇ ਦਫ਼ਤਰ ਵਿਖੇ ਅੱਜ ਖਰੜ ਹਲਕੇ ਦੇ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫ਼ਸਰਾਂ ਨਾਲ ਮੀਟਿੰਗ ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਤੋਂ ਰੋਕਣ ਲਈ ਕੀਤੇ ਗਏ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ।

ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਪਿੰਡਾਂ ਵਿੱਚ ਸਰਗਰਮ ਰਹਿਣ ਅਤੇ ਕਿਸਾਨਾਂ, ਸਰਪੰਚਾਂ, ਪੰਚਾਂ ਅਤੇ ਨੰਬਰਦਾਰਾਂ ਨਾਲ ਲਗਾਤਾਰ ਤਾਲਮੇਲ ਬਣਾ ਕੇ ਰੱਖਣ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਣ, ਮਨੁੱਖੀ ਸਿਹਤ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਪਰਾਲੀ ਦੇ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਪਰਾਲੀ ਨੂੰ ਅੱਗ ਲੱਗਣ ਦੀ ਕਿਸੇ ਵੀ ਘਟਨਾ ਦੀ ਤੁਰੰਤ ਰਿਪੋਰਟ ਕੀਤੀ ਜਾਵੇ ਅਤੇ ਲੋੜ ਅਨੁਸਾਰ ਫਾਇਰ ਬ੍ਰਿਗੇਡ ਦੀ ਮਦਦ ਨਾਲ ਅੱਗ 'ਤੇ ਤੁਰੰਤ ਕਾਬੂ ਪਾਇਆ ਜਾਵੇ।

ਐਸ.ਡੀ.ਐਮ. ਨੇ ਕਿਹਾ ਕਿ ਮਾਣਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਮਾਣਯੋਗ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਡਿਊਟੀ ਵਿੱਚ ਕਿਸੇ ਕਿਸਮ ਦੀ ਢਿੱਲ ਜਾਂ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਖੇਤੀਬਾੜੀ ਵਿਭਾਗ ਨੂੰ ਹਦਾਇਤ ਕੀਤੀ ਗਈ ਕਿ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ (ਸੁਪਰ ਸੀਡਰ, ਹੈਪੀ ਸੀਡਰ, ਬੇਲਰ ਅਤੇ ਹੋਰ ਸੰਦ) ਛੋਟੇ ਅਤੇ ਸੀਮਾਂਤ ਕਿਸਾਨਾਂ ਸਮੇਤ ਸਾਰੇ ਕਿਸਾਨਾਂ ਤੱਕ ਪਹਿਲ ਦੇ ਆਧਾਰ 'ਤੇ ਪਹੁੰਚਾਈ ਜਾਵੇ।

ਅੰਤ ਵਿੱਚ ਐਸ.ਡੀ.ਐਮ. ਨੇ ਉਪ ਮੰਡਲ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਪ੍ਰਦੂਸ਼ਣ-ਮੁਕਤ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਤਹਿਤ ਹੰਡੇਸਰਾ ਤੋਂ ਤਿੰਨ ਬੱਸਾਂ ਰਵਾਨਾ

**ਪੈ.ਗਾਮ-ਏ-ਜਗਤ/ਲਾਲੜੂ 7 ਅਕਤੂਬਰ (ਸੰਜੀਵ ਸਿੰਘ ਸੈਣੀ)**

ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਯੋਜਨਾ ਤਹਿਤ ਹਲਕਾ ਡੇਰਾਬੱਸੀ ਦੇ ਪਿੰਡ ਹੰਡੇਸਰਾ ਅਧੀਨ ਪੈਂਦੇ ਪਿੰਡ ਖੇਲਣ, ਰਜਾਪੁਰ ਅਤੇ ਨਗਲਾ ਤੋਂ ਤਿੰਨ ਬੱਸਾਂ ਸੰਗਤਾਂ ਨੂੰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤੀਆਂ ਗਈਆਂ। ਇਨ੍ਹਾਂ ਬੱਸਾਂ ਨੂੰ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਜੀ ਵੱਲੋਂ ਰਵਾਨਾ ਕੀਤਾ ਗਿਆ।



ਇਸ ਮੌਕੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਯੋਜਨਾ ਰਾਹੀਂ ਸੰਗਤਾਂ ਨੂੰ ਵੱਖ-ਵੱਖ ਧਾਰਮਿਕ ਅਤੇ ਇਤਿਹਾਸਕ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਲਈ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਨੂੰ ਲੈ ਕੇ ਸੰਗਤਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਬੱਸਾਂ ਦੀ ਰਵਾਨਗੀ ਮੌਕੇ ਸੰਗਤਾਂ ਵੱਲੋਂ ਇਸ ਉਪਰਾਲੇ ਲਈ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ, ਬਲਾਕ ਸੰਮਤੀ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਡੀਸੀ ਨੇ ਲਿਵਾਸਾ ਹਸਪਤਾਲ ਹੁਸ਼ਿਆਰਪੁਰ ਦੀ ਮੋਬਾਈਲ ਕੈਂਸਰ ਸਕ੍ਰੀਨਿੰਗ ਬੱਸ ਨੂੰ ਫਲੈਗ ਆਫ ਕੀਤਾ




**ਹੁਸ਼ਿਆਰਪੁਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਬੁੱਧਵਾਰ ਨੂੰ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੀ ਮੋਬਾਈਲ ਕੈਂਸਰ ਸਕ੍ਰੀਨਿੰਗ ਅਤੇ ਸ਼ੁਰੂਆਤੀ ਜਾਂਚ ਬੱਸ ਨੂੰ ਫਲੈਗ ਆਫ ਕੀਤਾ। ਇਹ ਪਹਿਲ ਹਸਪਤਾਲ ਵੱਲੋਂ ਛਾਤੀ ਦੇ ਕੈਂਸਰ ਜਾਗਰੂਕਤਾ ਮਹੀਨੇ ਦੇ ਮੌਕੇ ’ਤੇ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਲਿਵਾਸਾ ਹਸਪਤਾਲ ਦੇ ਕੰਸਲਟੈਂਟ-ਮੈਡੀਕਲ ਔਨਕੋਲੋਜੀ ਡਾ. ਮਯੰਕ ਕਪੂਰ, ਡਾਇਰੈਕਟਰ- ਸਰਜੀਕਲ ਔਨਕੋਲੋਜੀ ਡਾ. ਸ਼ੁਭ ਮਹਿੰਦਰੂ ਅਤੇ ਰੀਜਨਲ ਫੈਸਿਲਿਟੀ ਡਾਇਰੈਕਟਰ ਅਭਿਨਵ ਸ਼੍ਰੀਵਾਸਤਵ ਮੌਜੂਦ ਰਹੇ।

ਡਾ. ਮਯੰਕ ਕਪੂਰ ਨੇ ਕਿਹਾ, “ਇਸ ਬੱਸ ਵਿੱਚ ਕ੍ਰਮਵਾਰ ਛਾਤੀ, ਸਰਵਾਈਕਲ ਅਤੇ ਪ੍ਰੋਸਟੇਟ ਕੈਂਸਰ ਦੀ ਜਾਂਚ ਲਈ ਡਿਜ਼ੀਟਲ ਮੈਮੋਗ੍ਰਾਫੀ, ਪੈਪ ਸਮੀਅਰ ਟੈਸਟ ਅਤੇ ਪ੍ਰੋਸਟੇਟ-ਸਪੈਸਿਫਿਕ ਐਂਟੀਜਨ (ਪੀਐਸਏ) ਟੈਸਟ ਦੀ ਸਹੂਲਤ ਉਪਲਬਧ ਹੋਵੇਗੀ। ਇਸ ਦੇ ਨਾਲ ਹੀ ਲੋਕਾਂ ਨੂੰ ਰੋਕਥਾਮੀ ਸਿਹਤ ਸੰਭਾਲ ਨੂੰ ਤਰਜੀਹ ਦੇਣ, ਸਮੇਂ ਸਿਰ ਡਾਕਟਰੀ ਸਲਾਹ ਲੈਣ ਅਤੇ ਉਚਿਤ ਫਾਲੋ-ਅੱਪ ਇਲਾਜ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਡਾ. ਸ਼ੁਭ ਮਹਿੰਦਰੂ ਨੇ ਕਿਹਾ, “ਇਸ ਪਹਿਲ ਰਾਹੀਂ ਅਸੀਂ ਔਰਤਾਂ ਨੂੰ ਆਪਣੇ ਛਾਤੀ ਦੇ ਸਿਹਤ ਨੂੰ ਤਰਜੀਹ ਦੇਣ, ਆਪਣੀਆਂ ਚਿੰਤਾਵਾਂ ਬਾਰੇ ਡਾਕਟਰਾਂ ਨਾਲ ਖੁੱਲ੍ਹ ਕੇ ਗੱਲ ਕਰਨ ਅਤੇ ਇਹ ਸਮਝਣ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ ਕਿ ਕੈਂਸਰ ਦੀ ਜਾਂਚ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਉਮੀਦ ਖ਼ਤਮ ਹੋ ਗਈ ਹੈ। ਲਿਵਾਸਾ ਹਸਪਤਾਲਜ਼ ਦੇ ਸੀਈਓ ਅਨੁਰਾਗ ਯਾਦਵ ਨੇ ਕਿਹਾ ਕਿ ਮੋਬਾਈਲ ਸਕ੍ਰੀਨਿੰਗ ਬੱਸ ਰਾਹੀਂ ਹਸਪਤਾਲ ਰੋਕਥਾਮੀ ਸਿਹਤ ਸੇਵਾਵਾਂ ਨੂੰ ਭਾਈਚਾਰਿਆਂ ਤੱਕ ਵਧੇਰੇ ਆਸਾਨੀ ਨਾਲ ਪਹੁੰਚਯੋਗ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕ ਰਿਹਾ ਹੈ। ਅਭਿਨਵ ਸ਼੍ਰੀਵਾਸਤਵ ਨੇ ਦੱਸਿਆ, “ਇਸ ਪਹਿਲ ਰਾਹੀਂ ਸਾਡਾ ਉਦੇਸ਼ ਰੋਕਥਾਮੀ ਸਿਹਤ ਸੇਵਾਵਾਂ ਦੀ ਪਹੁੰਚ ਵਿੱਚ ਮੌਜੂਦ ਕਮੀਆਂ ਨੂੰ ਦੂਰ ਕਰਨਾ ਹੈ। ਅਸੀਂ ਕੈਂਸਰ ਪ੍ਰਤੀ ਜਾਗਰੂਕਤਾ ਅਤੇ ਸਕ੍ਰੀਨਿੰਗ ਸਹੂਲਤਾਂ ਨੂੰ ਸਥਾਨਕ ਭਾਈਚਾਰਿਆਂ ਦੇ ਹੋਰ ਨੇੜੇ ਲੈ ਕੇ ਜਾ ਰਹੇ ਹਾਂ।

# ਵਿਕਾਸ ਮੰਚ ਗੜ੍ਹਸ਼ੰਕਰ ਵਲੋਂ ਨਗਰ ਕੌਂਸਲ ਗੜ੍ਹਸ਼ੰਕਰ ਦੇ ਪ੍ਰਧਾਨ ਸੋਮਨਾਥ ਬੰਗੜ ਨੂੰ ਮੰਗ ਪੱਤਰ ਦਿੱਤਾ



**ਪੈ.ਗਾਮ-ਏ-ਜਗਤ ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)**

ਵਿਕਾਸ ਮੰਚ ਗੜ੍ਹਸ਼ੰਕਰ ਵਲੋਂ ਨਗਰ ਕੌਂਸਲ ਗੜ੍ਹਸ਼ੰਕਰ ਦੇ ਪ੍ਰਧਾਨ ਸਰਦਾਰ ਸੋਮ ਨਾਥ ਬੰਗੜ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ ਵਿੱਚ ਵਿਕਾਸ ਮੰਚ ਗੜ੍ਹਸ਼ੰਕਰ ਦੇ ਕੁਲਵਿੰਦਰ ਸੰਘਾ ਨੇ ਕਿਹਾ ਕੇ ਮਹੰਤ (ਖੁਸਰੇ) ਜੋਂ ਸਮਾਜ ਦੇ ਬਹੁਤ ਸਤਿਕਾਰ ਯੋਗ ਹੈ, ਪਰ ਕਈ ਵਾਰ ਬਹੁਤ ਬਦਤਰ ਹਾਲਾਤ ਬਣ ਜਾਂਦੇ ਹਨ, ਕੇ ਗਰੀਬ ਪਰਿਵਾਰਾਂ ਵਲੋ ਇੰਨੀ ਵਧਾਈ ਦਿੱਤੀ ਨਹੀ ਜਾਂਦੀ ਜਿੰਨੀ ਮਹੰਤ ਵਲੋ ਮੰਗੀ ਜਾਂਦੀ, ਫਿਰ ਜਿਨ੍ਹਾਂ ਦੇ ਘਰ ਖੁਸੀ ਦਾ ਮਾਹੌਲ ਹੁੰਦਾ ਉਹ ਬਹੁਤ ਨਿਰਾਸ਼ ਹੁੰਦੇ, ਅਸੀਂ ਵਿਕਾਸ ਮੰਚ ਗੜ੍ਹਸ਼ੰਕਰ ਵਲੋਂ ਮੰਗ ਕੀਤੀ ਹੈ ਕੇ ਮਹੰਤ ਦੀ ਵਧਾਈ 2100, ਅਤੇ ਭੰਡ ਦੀ 500 ਰੁਪਏ ਕੀਤੀ ਜਾਵੇ ਅਤੇ ਅਸੀਂ ਕਈ ਵਾਰ ਦੇਖਿਆ ਕੇ ਬੱਸ ਵਿੱਚ ਜਾਅਲੀ ਮਹੰਤ ਬਣ ਕੇ ਘੁੰਮਦੇ ਇਹ ਲੋਕਾਂ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦੇ ਇਨ੍ਹਾਂ ਨੂੰ ਤਰੁੰਤ ਰੋਕਿਆ ਜਾਵੇ, ਇਸ ਮੌਕੇ ਸਾਬਕਾ ਕੌਂਸਲਰ ਦੀਪਕ ਕੁਮਾਰ, ਰਵੀ ਰੱਲ੍ਹ, ਨਰੇਸ਼ ਕੁਮਾਰ, ਹੇਮਰਾਜ, ਕਰਮਜੀਤ ਸਿੰਘ, ਰਸ਼ਪਾਲ ਸਿੰਘ, ਅਮਰਜੀਤ ਸਿੰਘ ਠੇਕੇਦਾਰ, ਸੀਮਾ ਰਾਣੀ, ਜਸਵਿੰਦਰ ਕੌਰ, ਕਮਲਾ ਰਾਣੀ, ਅਤੇ ਹੋਰ ਸ਼ਹਿਰ ਵਾਸੀ ਹਾਜ਼ਰ ਹੋਏ।

# ਗੈਰ-ਕਾਨੂੰਨੀ ਮਾਈਨਿੰਗ ਅਤੇ ਓਵਰਲੋਡ ਟਿੱਪਰਾਂ ’ਤੇ ਪਾਬੰਦੀ ਦੇ ਹੁਕਮ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ : ਕਾਮਰੇਡ ਗੁਰਨੇਕ ਸਿੰਘ ਭੱਜਲ

**ਪੈ.ਗਾਮ-ਏ-ਜਗਤ/ਗੜ੍ਹਸ਼ੰਕਰ 7 ਅਕਤੂਬਰ (ਹਰੀ ਕ੍ਰਿਸ਼ਨ ਗੰਗੜ)**

ਸੀਪੀਆਈ(ਐਮ) ਦੇ ਜ਼ਿਲ੍ਹਾ ਸਕੱਤਰ ਅਤੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਗੜ੍ਹਸ਼ੰਕਰ ਦੇ ਨੰਗਲ ਰੋਡ ਅਤੇ ਮਾਹਿਲਪੁਰ ਜੇਜੋ ਰੋਡ ’ਤੇ ਗੈਰ-ਕਾਨੂੰਨੀ ਮਾਈਨਿੰਗ ਨਾਲ ਜੁੜੇ ਓਵਰਲੋਡ ਟਿੱਪਰਾਂ ਅਤੇ ਹੋਰ ਭਾਰੀ ਵਾਹਨਾਂ ਦੇ ਸ਼ਹਿਰ ਵਿੱਚ ਦਾਖ਼ਲੇ ਅਤੇ ਆਵਾਜਾਈ ਸਬੰਧੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ, ਪਰ ਇਨ੍ਹਾਂ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ।

ਉਨ੍ਹਾਂ ਕਿਹਾ ਕਿ ਬਿਨਾਂ ਨੰਬਰ ਪਲੇਟਾਂ ਵਾਲੇ ਟਿੱਪਰ ਅਤੇ ਹੋਰ ਭਾਰੀ ਵਾਹਨ ਨਿਰਧਾਰਤ ਸਮੇਂ ਤੋਂ ਪਹਿਲਾਂ ਵੀ ਸੜਕਾਂ ’ਤੇ ਚੱਲ ਰਹੇ ਹਨ। ਇਹ ਵਾਹਨ ਆਮ ਲੋਕਾਂ ਦੀ ਜਾਨ-ਮਾਲ ਲਈ ਗੰਭੀਰ ਖ਼ਤਰਾ ਬਣੇ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਲਾਕੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਕਾਰਨ ਪਹਾੜਾਂ ਦੀ ਲਗਾਤਾਰ ਕਟਾਈ ਹੋ ਰਹੀ ਹੈ, ਜਿਸ ਨਾਲ ਵਾਤਾਵਰਨ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ।



ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਕਿਹਾ ਕਿ ਓਵਰਲੋਡ ਟਿੱਪਰਾਂ ਦੀ ਆਵਾਜਾਈ ’ਤੇ ਰੋਕ ਲਗਾਉਣ ਦੇ ਨਾਲ-ਨਾਲ ਬਿਨਾਂ ਨੰਬਰ ਵਾਲੇ ਵਾਹਨਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਅਤੇ ਮਾਈਨਿੰਗ ਵਿਭਾਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵੱਲੋਂ ਜਾਰੀ ਹੁਕਮਾਂ ਨੂੰ ਜ਼ਮੀਨੀ ਪੱਧਰ ’ਤੇ ਸਖ਼ਤੀ ਨਾਲ ਲਾਗੂ ਕਰਵਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਅਤੇ ਵਾਤਾਵਰਨ ਦੀ ਰੱਖਿਆ ਲਈ ਡੀਸੀ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਗੈਰ-ਕਾਨੂੰਨੀ ਮਾਈਨਿੰਗ, ਓਵਰਲੋਡ ਅਤੇ ਬਿਨਾਂ ਨੰਬਰ ਵਾਲੇ ਟਿੱਪਰਾਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ।

# ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮਨਾਇਆ



**ਪੈ.ਗਾਮ-ਏ-ਜਗਤ/ਗੜ੍ਹਸ਼ੰਕਰ 7 ਅਕਤੂਬਰ (ਹਰੀ ਕ੍ਰਿਸ਼ਨਗੰਗੜ)**

ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸ ਗਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮੌਕੇ ਜ਼ਮੀਨੀ ਪੱਧਰ ’ਤੇ ਲੋਕਤੰਤਰ: ਪੰਜਾਬ ਦੇ ਹਵਾਲੇ ਨਾਲ ਵਿਸ਼ੇ ’ਤੇ ਲੈਕਚਰ ਅਤੇ ਫੀਲਡ ਦੌਰਾ ਕਰਵਾਇਆ ਗਿਆ। ਵਿਭਾਗ ਮੁਖੀ ਡਾ. ਤਾਰਾ ਦੇਵੀ ਨੇ ਪੀ.ਪੀ.ਟੀ. ਰਾਹੀਂ ਲੋਕਤੰਤਰ ਦਿਵਸ ਦੀ ਮਹੱਤਤਾ, ਪੰਚਾਇਤੀ ਰਾਜ ਦੀਆਂ ਸੰਵਿਧਾਨਕ ਵਿਵਸਥਾਵਾਂ, ਇਸ ਦੇ ਕੰਮ ਅਤੇ ਵਿੱਤੀ ਸਾਧਨਾਂ ਬਾਰੇ ਦੱਸਿਆ। ਉਨ੍ਹਾਂ ਨੇ ਪੰਜਾਬ ਵਿੱਚ ਪੰਚਾਇਤਾਂ ਵਿੱਚ ਔਰਤਾਂ ਲਈ 50 ਫੀਸਦੀ ਰਾਖਵੇਂਕਰਨ ਅਤੇ ਨੌਜਵਾਨਾਂ ਦੀ ਭੂਮਿਕਾ ’ਤੇ ਚਾਨਣਾ ਪਾਇਆ। ਇਸ ਤੋਂ ਬਾਅਦ 50 ਦੇ ਕਰੀਬ ਵਿਦਿਆਰਥੀ ਅਤੇ ਅਧਿਆਪਕ ਗ੍ਰਾਮ ਪੰਚਾਇਤ ਹਵੇਲੀ, ਬਲਾਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਹੁੰਚੇ ਜਿੱਥੇ ਸਰਪੰਚ ਸ੍ਰੀਮਤੀ ਚਰਨਜੀਤ ਕੌਰ ਅਤੇ ਪੰਚਾਇਤ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸਰਪੰਚ ਨੇ ਪੰਚਾਇਤ ਦੇ ਕੰਮਕਾਜ, ਫੈਸਲੇ ਲੈਣ ਦੀ ਪ੍ਰਕਿਰਿਆ ਅਤੇ ਸਰਕਾਰੀ ਸਕੀਮਾਂ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ। ਵਿਦਿਆਰਥੀਆਂ ਨੇ ਪੰਚਾਇਤ ਫੰਡ, ਗ੍ਰਾਮ ਸਭਾ ਦੀਆਂ ਮੀਟਿੰਗਾਂ, ਬਜਟ, ਲਾਭਪਾਤਰੀਆਂ ਦੀ ਚੋਣ, ਪਾਰਦਰਸ਼ਤਾ, ਡਿਜੀਟਲ ਕੰਮ ਅਤੇ ਸਫਾਈ ਸਕੀਮਾਂ ਬਾਰੇ ਸਵਾਲ ਪੁੱਛੇ।ਵਿਦਿਆਰਥੀਆਂ ਨੇ ਪਿੰਡ ਵਾਸੀਆਂ ਅਤੇ ਪੰਚਾਇਤ ਮੈਂਬਰਾਂ ਨੂੰ ਪ੍ਰਸ਼ਨਾਵਲੀ ਵੀ ਦਿੱਤੀ।

ਇਸ ਆਧਾਰ ’ਤੇ ਉਹ ਰਿਪੋਰਟ ਤਿਆਰ ਕਰਨਗੇ।

# ਲਿਵਾਸਾ ਹਸਪਤਾਲ ਅੰਮ੍ਰਿਤਸਰ ਨੇ ਪਠਾਨਕੋਟ ਵਿੱਚ ਕਾਰਡੀਓਲੋਜੀ ਓਪੀਡੀ ਸ਼ੁਰੂ ਕੀਤੀ




**ਪਠਾਨਕੋਟ, 7 ਅਕਤੂਬਰ (ਪੈ.ਗਾਮ-ਏ-ਜਗਤ)**

ਲਿਵਾਸਾ ਹਸਪਤਾਲ ਅੰਮ੍ਰਿਤਸਰ ਨੇ ਐਸਕੇਆਰ ਹਸਪਤਾਲ ਅਤੇ ਟਰੌਮਾ ਸੈਂਟਰ, ਪਠਾਨਕੋਟ ਦੇ ਸਹਿਯੋਗ ਨਾਲ ਬੁੱਧਵਾਰ ਨੂੰ ਪਠਾਨਕੋਟ ਵਿੱਚ ਵਿਸ਼ੇਸ਼ ਕਾਰਡੀਓਲੋਜੀ ਓਪੀਡੀ ਸ਼ੁਰੂ ਕਰਨ ਦਾ ਐਲਾਨ ਕੀਤਾ। ਸੀਨੀਅਰ ਕੰਸਲਟੈਂਟ-ਇੰਟਰਵੈਂਸ਼ਨਲ ਕਾਰਡੀਓਲੋਜੀ ਡਾ. ਅਨਿਲ ਸ਼ਰਮਾ ਦੀ ਅਗਵਾਈ ਹੇਠ ਇਹ ਓਪੀਡੀ ਹਰ ਬੁੱਧਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਐਸਕੇਆਰ ਹਸਪਤਾਲ ਅਤੇ ਟਰੌਮਾ ਸੈਂਟਰ ਵਿੱਚ ਚਲਾਈ ਜਾਵੇਗੀ। ਲਿਵਾਸਾ ਹਸਪਤਾਲ ਅੰਮ੍ਰਿਤਸਰ ਦੇ ਫੈਸਿਲਿਟੀ ਡਾਇਰੈਕਟਰ ਡਾ. ਰਾਜੀਵ ਕੁੰਦਰਾ ਨੇ ਕਿਹਾ, “ਇਸ ਪਹਿਲ ਦਾ ਉਦੇਸ਼ ਲੋਕਾਂ ਨੂੰ ਮਾਹਿਰ ਦਿਲ ਦੀਆਂ ਸਿਹਤ ਸੇਵਾਵਾਂ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਨਾ ਅਤੇ ਮਰੀਜ਼ਾਂ ਨੂੰ ਦਿਲ ਨਾਲ ਸਬੰਧਤ ਲੱਛਣਾਂ, ਦਿਲ ਦੀਆਂ ਬਿਮਾਰੀਆਂ ਦੇ ਜੋਖਮ ਕਾਰਕਾਂ ਅਤੇ ਪਹਿਲਾਂ ਤੋਂ ਮੌਜੂਦ ਦਿਲ ਦੀਆਂ ਬਿਮਾਰੀਆਂ ਲਈ ਸਮੇਂ ਸਿਰ ਮਾਹਿਰ ਜਾਂਚ ਅਤੇ ਸਲਾਹ ਮੁਹੱਈਆ ਕਰਵਾਉਣਾ ਹੈ, ਤਾਂ ਜੋ ਉਨ੍ਹਾਂ ਨੂੰ ਸ਼ੁਰੂਆਤੀ ਮਾਹਿਰ ਪਰਾਮਰਸ਼ ਲਈ ਕਿਸੇ ਹੋਰ ਸ਼ਹਿਰ ਦੀ ਯਾਤਰਾ ਨਾ ਕਰਨੀ ਪਵੇ। ਇਸ ਓਪੀਡੀ ਵਿੱਚ ਉਨ੍ਹਾਂ ਮਰੀਜ਼ਾਂ ਦੀ ਵੀ ਜਾਂਚ ਅਤੇ ਮਾਰਗਦਰਸ਼ਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਕੋਰੋਨਰੀ ਧਮਨੀਆਂ ਵਿੱਚ ਬਲਾਕੇਜ, ਦਿਲ ਦੇ ਵਾਲਵ ਨਾਲ ਸਬੰਧਤ ਬਿਮਾਰੀਆਂ, ਦਿਲ ਦੀ ਧੜਕਣ ਨਾਲ ਜੁੜੀਆਂ ਸਮੱਸਿਆਵਾਂ, ਪੈਰੀਫਿਰਲ ਆਰਟਰੀਅਲ ਡਿਜ਼ੀਜ਼ ਅਤੇ ਹੋਰ ਦਿਲ ਨਾਲ ਸਬੰਧਤ ਬਿਮਾਰੀਆਂ ਲਈ ਅੱਗੇ ਦੀ ਜਾਂਚ ਦੀ ਲੋੜ ਹੋ ਸਕਦੀ ਹੈ।

# ਭੂੰਗਰਨੀ ਦੇ 2.27 ਕਰੋੜ ਰੁ. ਦੇ ਵਿਕਾਸ ਕਾਰਜਾਂ ਦਾ ਡਾ. ਇਸ਼ਾਂਕ ਕੁਮਾਰ ਨੇ ਲਿਆ ਜਾਇਜ਼ਾ

- ਕਿਹਾ-ਚੱਬੇਵਾਲ ਦੇ ਹਰ ਪਿੰਡ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ



**ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਚੱਬੇਵਾਲ ਦੇ ਪਿੰਡਾਂ ਵਿੱਚ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਜ਼ਮੀਨੀ ਪੱਧਰ ’ਤੇ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਲਗਾਤਾਰ ਪਿੰਡਾਂ ਵਿਚ ਪਹੁੰਚ ਕੀਤੀ ਜਾ ਰਹੀ ਹੈ । ਬੀਤੇ ਦਿਨੀਂ ਡਾ. ਇਸ਼ਾਂਕ ਵਲੋਂ ਭੂੰਗਰਨੀ ਵਿਖੇ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਕੰਮਾਂ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਖਾਸ ਤੌਰ ’ਤੇ ਭੂੰਗਰਨੀ ਤੋਂ ਕੁਟੀਆ ਸੰਤ ਸਤਿਆਵਰਤਾਨੰਦ ਗਿਰੀ ਜੀ ਤੱਕ ਬਣ ਰਹੀ ਸੜਕ ਦੇ ਚੱਲਦੇ ਕੰਮ ਦੀ ਗੁਣਵੱਤਾ ਚੈੱਕ ਕੀਤੀ ਗਈ।

ਇਸ ਦੌਰਾਨ ਡਾ. ਇਸ਼ਾਂਕ ਕੁਮਾਰ ਨੇ ਪਿੰਡ ਵਾਸੀਆਂ ਨਾਲ ਜਾਣਕਾਰੀ ਸਾਂਝਾ ਕੀਤੀ ਕਿ ਪਿੰਡ ਵਿੱਚ 2.79 ਲੱਖ ਦੀ ਲਾਗਤ ਨਾਲ ਸੋਲਰ ਲਾਈਟਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ, 2 ਲੱਖ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀ ਪਾਈਪਲਾਈਨ ਦਾ ਕੰਮ ਅਤੇ 3 ਲੱਖ ਦੀ ਲਾਗਤ ਨਾਲ ਟੈਂਕਰ ਫਲੱਸ਼ ਕਲੀਨਰ ਦੀ ਸਥਾਪਨਾ ਦਾ ਕੰਮ ਵੀ ਮੁਕੰਮਲ ਕੀਤਾ ਜਾ ਚੁੱਕਾ ਹੈ। 12.50 ਲੱਖ ਦੀ ਲਾਗਤ ਵਾਲਾ ਸਟਰੀਟ ਅਤੇ ਡਰੇਨੇਜ ਦਾ ਕੰਮ ਵੀ ਲਗਭਗ ਮੁਕੰਮਲ ਹੋਣ ਵਾਲਾ ਹੈ। ਇਸ ਤੋਂ ਇਲਾਵਾ 7 ਲੱਖ ਦੀ ਲਾਗਤ ਨਾਲ ਸਟੇਡੀਅਮ/ਗਰਾਊਂਡ ਅਤੇ 29.36 ਲੱਖ ਦੀ ਲਾਗਤ ਨਾਲ ਖੇਡ ਮੈਦਾਨ ਨਾਲ ਸਬੰਧਤ ਕੰਮ ਵੀ ਕੀਤੇ ਜਾ ਰਹੇ ਹਨ। ਸੜਕੀ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਂਛਟਾ - ਮੁਖਲਿਆਣਾ ਰੋਡ ਤੋਂ ਭੂੰਗਰਨੀ ਸ਼ਮਸ਼ਾਨਘਾਟ ਤੱਕ ਲਗਭਗ 1.97 ਕਿਲੋਮੀਟਰ ਸੜਕ ਦਾ 59 ਲੱਖ ਦੀ ਲਾਗਤ ਵਾਲਾ ਕੰਮ ਮੁਕੰਮਲ ਹੋ ਚੁੱਕਾ ਹੈ। ਪਿੰਡ ਭੂੰਗਰਨੀ ਦੀ 1.35 ਕਿਲੋਮੀਟਰ ਲੰਬੀ ਫਿਰਨੀ, ਜੋ 18 ਫੁੱਟ ਚੌੜੀ ਹੈ, ਦਾ 69 ਲੱਖ ਦੀ ਲਾਗਤ ਵਾਲਾ ਕੰਮ ਵੀ ਮੁਕੰਮਲ ਹੋ ਗਿਆ ਹੈ। ਭੂੰਗਰਨੀ ਤੋਂ ਬੇਲੀਪੁਰ ਦਿਹਾਣਾ ਤੱਕ 1.59 ਕਿਲੋਮੀਟਰ ਸੜਕ ਦਾ 32.30 ਲੱਖ ਦੀ ਲਾਗਤ ਵਾਲਾ ਕੰਮ ਪ੍ਰਗਤੀ ਅਧੀਨ ਹੈ, ਜਦਕਿ ਭੂੰਗਰਨੀ ਤੋਂ ਕੁਟੀਆ ਸੰਤ ਸਤਿਆਵਰਤਾਨੰਦ ਗਿਰੀ ਤੱਕ 0.47 ਕਿਲੋਮੀਟਰ ਸੜਕ ਦਾ ਕੰਮ 10.08 ਲੱਖ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ।

ਸੰਤ ਸਤਿਆਵਰਤਾਨੰਦ ਗਿਰੀ ਨੇ ਇਸ ਮੌਕੇ ’ਤੇ ਖੁਦ ਵੀ ਪਹੁੰਚ ਕੇ ਡਾ ਇਸ਼ਾਂਕ ਨੂੰ ਅਸ਼ੀਰਵਾਦ ਦਿੱਤੇ ਕਿ ਉਹ ਇਸੀ ਤਰ੍ਹਾਂ ਲੋਕ ਸੇਵਾ ਕਰਦੇ ਰਹਿਣ।

ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਕੰਮਾਂ ਦੀ ਗੁਣਵੱਤਾ ਅਤੇ ਸਮੇਂ ਸਿਰ ਮੁਕੰਮਲ ਹੋਣਾ ਉਨ੍ਹਾਂ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ, “ਮੇਰੀ ਕੋਸ਼ਿਸ਼ ਹੈ ਕਿ ਜਿਹੜੇ ਕੰਮ ਮਨਜ਼ੂਰ ਹੋਏ ਹਨ, ਉਹ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ, ਸਗੋਂ ਲੋਕਾਂ ਨੂੰ ਉਨ੍ਹਾਂ ਦਾ ਸਿੱਧਾ ਲਾਭ ਮਿਲੇ। ਜਿੱਥੇ ਕੰਮ ਮੁਕੰਮਲ ਹੋ ਚੁੱਕੇ ਹਨ, ਉੱਥੇ ਉਨ੍ਹਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਜਿਹੜੇ ਕੰਮ ਚੱਲ ਰਹੇ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਪੂਰਾ ਕੀਤਾ ਜਾਵੇ।”ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਚੱਲ ਰਹੇ ਕੰਮਾਂ ਦੀ ਨਿਯਮਤ ਨਿਗਰਾਨੀ ਕਰਨ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਕੰਮ ਮੁਕੰਮਲ ਕਰਨ ਲਈ ਕਿਹਾ।

ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕੁਲਦੀਪ ਕੌਰ ਨੇ ਸਮੂਹ ਪਿੰਡ ਵਾਸੀਆਂ ਵਲੋਂ ਡਾ ਇਸ਼ਾਂਕ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਆਪਣੇ ਵਿਧਾਇਕ ’ਤੇ ਮਾਣ ਹੈ ਜੋ ਕਿ ਨਾ ਸਿਰਫ ਸਾਡੀਆਂ ਮੰਗਾਂ ਸੁਣਦੇ ਹਨ ਬਲਕਿ ਉਹਨਾਂ ਨੂੰ ਪੂਰਾ ਕਰਨ ਲਈ ਹਰ ਬਣਦਾ ਉਪਰਾਲਾ ਕਰਦੇ ਹਨ। ਇਸ ਸਮੇਂ ਡਾ. ਪਰਮਜੀਤ, ਊਸ਼ਾ ਰਾਣੀ, ਸੁਰਿੰਦਰ ਸਿੰਘ ਲੰਬੜਦਾਰ, ਪੰਚ ਸੁੱਖਾ, ਜਿੰਦਾਂ ਸਮੇਤ ਪਿੰਡ ਦੇ ਹੋਰ ਪਤਵੰਤੇ ਅਤੇ ਵਸਨੀਕ ਮੌਜੂਦ ਸਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਨੇ ਕਰਵਾਏ ਜ਼ਿਲ੍ਹਾ ਪੱਧਰੀ ਸ਼ਾਨਦਾਰ ਪ੍ਰਸ਼ਨੋਤਰੀ ਮੁਕਾਬਲੇ




**ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਪੰਜਾਬ ਸਰਕਾਰ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਸ. ਜਸਵੰਤ ਸਿੰਘ ਜ਼ਫ਼ਰ ਹੁਰਾਂ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਲੜਕੀਆਂ ਹੁਸ਼ਿਆਰਪੁਰ ਵਿਖੇ ਸ਼ਾਨਦਾਰ ਢੰਗ ਨਾਲ ਨੇਪਰੇ ਚੜ੍ਹੇ।

ਤਿੰਨ ਵਰਗਾਂ ’ੳ’ ਵਰਗ ਛੇਵੀਂ ਤੋਂ ਅੱਠਵੀਂ, ’ਅ’ ਵਰਗ ਨੌਵੀਂ ਤੋਂ ਬਾਰਵੀਂ ਅਤੇ ’ੲ ਵਰਗ ਗ੍ਰੇਜੂਏਸ਼ਨ ਤੱਕ ਦੇ ਜ਼ਿਲ੍ਹਾ ਭਰ ਤੋਂ ਆਏ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਸ਼ਿਰਕਤ ਕੀਤੀ।

ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾਂਦੇ ਇੰਝ ਦੇ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਵਿੱਚ ਪੰਜਾਬੀ ਸਾਹਿਤ, ਸਭਿਆਚਾਰ, ਭਾਸ਼ਾ, ਵਿਆਕਰਣ, ਭੂਗੋਲ ਅਤੇ ਧਾਰਮਿਕ ਵਿਰਾਸਤ ਦੀਆਂ ਡੂੰਘੀਆਂ ਜੜ੍ਹਾਂ ਲਾਉਣਾ ਹੈ। ਉਨ੍ਹਾਂ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਈਆਂ ਜਾਂਦੀਆਂ ਬਾਕੀ ਗਤੀਵਿਧੀਆਂ ਵੀ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ।

ਪ੍ਰਿੰਸੀਪਲ ਰਾਜਨ ਅਰੋੜਾ ਨੇ ਸਮਾਗਮ ਦੀ ਪ੍ਰਧਾਨਗੀ ਦੌਰਾਨ ਮੁਕਾਬਲੇ ਵਿੱਚ ਭਾਗੀਦਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਵਿਰਸੇ ਨਾਲ ਸਾਂਝ ਪੈਦਾ ਕਰਨ ਲਈ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾਂਦੇ ਇਹੋ ਜਿਹੇ ਮੁਕਾਬਲੇ ਬੜੇ ਉਪਯੋਗੀ ਹਨ। ਇਹ ਮੁਕਾਬਲੇ ਆਉਣ ਵਾਲੇ ਵੱਡੇ ਇਮਤਿਹਾਨਾਂ ਲਈ ਵੀ ਸਹਾਈ ਹੁੰਦੇ ਹਨ।

ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਭਵਿੱਖ ਵਿੱਚ ਵੀ ਇਹੋ ਜਿਹੇ ਉਪਰਾਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਜਾਵੇ। ਪ੍ਰਸ਼ਨੋਤਰੀ ਮੁਕਾਬਲੇ ਦੇ ’ੳ’ ਵਰਗ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਗੁਰਲੀਨ ਕੌਰ ਸ.ਸ.ਸ. ਸਕੂਲ ਨਸਰਾਲਾ, ਸਾਈਨਾ ਸ਼ਰਮਾ ਵਿੱਦਿਆ ਮੰਦਰ ਸਕੂਲ, ਆਸਥਾ ਮਿਡਲ ਸਕੂਲ ਚੱਕਗੁਜਰਾਂ, ’ਅ’ ਵਰਗ ਵਿੱਚ ਕਿੰਸ਼ੁਕ ਸਾਂਡਲ ਵੁਡਲੈਂਡ ਸਕੂਲ, ਰਾਜਵੀਰ ਕੌਰ ਸ.ਸ.ਸ.ਸ. ਅਜੜਾਮ, ਦੀਪਇੰਦਰ ਕੌਰ ਜੀ.ਐਮ.ਏ.ਸਕੂਲ ਸਿੰਗੜੀਵਾਲ, ’ੲ’ ਵਰਗ ਵਿੱਚ ਜਸਪ੍ਰੀਤ ਭਾਰਦਵਾਜ ਖਾਲਸਾ ਕਾਲਜ ਦਸੂਹਾ, ਸਿਮਰਦੀਪ ਕੌਰ ਸਰਕਾਰੀ ਕਾਲਜ ਤਲਵਾੜਾ, ਰਜਵਿੰਦਰ ਕੌਰ ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਪ੍ਰਾਪਤ ਕੀਤਾ। ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ 1000/- 750/- ਅਤੇ 500/- ਰੁਪਏ ਦੀ ਨਕਦ ਰਾਸ਼ੀ ਦੇ ਨਾਲ ਪ੍ਰਮਾਣ ਪੱਤਰ ਅਤੇ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਪ੍ਰਿੰਸੀਪਲ ਰਾਜਨ ਅਰੋੜਾ, ਮੈਡਮ ਸੁਸ਼ਮਾ ਅਤੇ ਹਰਦੀਪ ਕੌਰ ਨੂੰ ਵੀ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਹੁਲ, ਲਾਲ ਸਿੰਘ, ਲੈਕਚਰਾਰ ਰਵਿੰਦਰ ਕੁਮਾਰ, ਵੀਨਾ ਕੁਮਾਰੀ, ਮੰਜੂ ਅਰੋੜਾ, ਵੀਰਾਂਵਾਲੀ, ਸ਼ਿਵਾਨੀ ਸ਼ਰਮਾ ਤੋਂ ਇਲਾਵਾ ਵੱਖ ਵੱਖ ਸਕੂਲਾਂ ਤੋਂ ਆਏ ਹੋਏ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਸਬੰਧੀ ਮੀਟਿੰਗ, 22 ਤੋਂ 24 ਨਵੰਬਰ ਤੱਕ ਹੋਵੇਗਾ ਸ਼ਾਨਦਾਰ ਸਮਾਗਮ



**ਊਨਾ, 7 ਅਕਤੂਬਰ (ਪੈ.ਗਾਮ-ਏ-ਜਗਤ)**

ਧਾਰਮਿਕ ਅਤੇ ਸੱਭਿਆਚਾਰਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਰਵਾਏ ਜਾਣ ਵਾਲੇ ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਦੀਆਂ ਤਿਆਰੀਆਂ ਨੂੰ ਲੈ ਕੇ ਕਦਮਤਾਲ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਾਲ ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਦਾ ਸ਼ਾਨਦਾਰ ਆਯੋਜਨ 22 ਤੋਂ 24 ਨਵੰਬਰ ਤੱਕ ਕਰਵਾਇਆ ਜਾਣਾ ਪ੍ਰਸਤਾਵਿਤ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਏਡੀਸੀ) ਊਨਾ ਇਸ਼ਾਂਤ ਜਸਵਾਲ ਨੇ ਅੱਜ ਬੀਡੀਓ ਦਫ਼ਤਰ ਅੰਬ ਵਿਖੇ ਮਹੋਤਸਵ ਦੀਆਂ ਤਿਆਰੀਆਂ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਨਾਲ ਕਰਵਾਈ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਏਡੀਸੀ ਨੇ ਕਿਹਾ ਕਿ ਮਾਤਾ ਸ੍ਰੀ ਚਿੰਤਪੂਰਨੀ ਮਹੋਤਸਵ ਆਸਥਾ, ਲੋਕ-ਸੱਭਿਆਚਾਰ ਅਤੇ ਸੈਰ-ਸਪਾਟੇ ਦਾ ਵਿਲੱਖਣ ਸੰਗਮ ਹੈ। ਪਿਛਲੇ ਸਾਲ 14 ਤੋਂ 16 ਨਵੰਬਰ ਤੱਕ ਅੰਬ ਮੈਦਾਨ ਵਿੱਚ ਕਰਵਾਇਆ ਗਿਆ ਮਹੋਤਸਵ ਦਾ ਦੂਜਾ ਸੰਸਕਰਣ ਬੇਹੱਦ ਸਫਲ ਰਿਹਾ ਸੀ। ਸਮਾਗਮ ਵਿੱਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਉਤਸ਼ਾਹਪੂਰਨ ਭਾਗੀਦਾਰੀ ਰਹੀ ਅਤੇ ਮਹੋਤਸਵ ਨੇ ਸੂਬੇ ਦੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ। ਉਨ੍ਹਾਂ ਕਿਹਾ ਕਿ ਇਸ ਸਾਲ ਵੀ ਮਹੋਤਸਵ ਨੂੰ ਆਕਰਸ਼ਕ ਅਤੇ ਯਾਦਗਾਰ ਬਣਾਉਣ ਲਈ ਸੱਭਿਆਚਾਰਕ ਸ਼ਾਮਾਂ, ਲੋਕ-ਕਲਾਵਾਂ ਦੀਆਂ ਪੇਸ਼ਕਾਰੀਆਂ, ਖੇਡ ਮੁਕਾਬਲੇ ਅਤੇ ਵੱਖ-ਵੱਖ ਜਨ-ਭਾਗੀਦਾਰੀ ਪ੍ਰੋਗਰਾਮ ਕਰਵਾਏ ਜਾਣਗੇ। ਇਨ੍ਹਾਂ ਗਤੀਵਿਧੀਆਂ ਰਾਹੀਂ ਹਿਮਾਚਲ ਦੀ ਅਮੀਰ ਲੋਕ-ਸੱਭਿਆਚਾਰ, ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਵਿਆਪਕ ਮੰਚ ਪ੍ਰਦਾਨ ਕੀਤਾ ਜਾਵੇਗਾ। ਏਡੀਸੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਮਹੋਤਸਵ ਦੇ ਸਫਲ ਆਯੋਜਨ ਲਈ ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਏਗਾ। ਸਮਾਗਮ ਨਾਲ ਸਬੰਧਤ ਵੱਖ-ਵੱਖ ਕਾਰਜਾਂ ਲਈ ਸਬੰਧਤ ਵਿਭਾਗਾਂ ਦੀਆਂ ਟੀਮਾਂ ਗਠਿਤ ਕੀਤੀਆਂ ਜਾਣਗੀਆਂ ਅਤੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨਗੇ, ਤਾਂ ਜੋ ਸ਼ਰਧਾਲੂਆਂ, ਸੈਲਾਨੀਆਂ ਅਤੇ ਸਥਾਨਕ ਲੋਕਾਂ ਨੂੰ ਬਿਹਤਰ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਮਹੋਤਸਵ ਰਾਹੀਂ ਮਾਤਾ ਸ੍ਰੀ ਚਿੰਤਪੂਰਨੀ ਪ੍ਰਤੀ ਧਾਰਮਿਕ ਆਸਥਾ ਦੇ ਨਾਲ-ਨਾਲ ਖੇਤਰ ਦੀ ਸੱਭਿਆਚਾਰਕ ਵਿਰਾਸਤ ਅਤੇ ਸੈਰ-ਸਪਾਟੇ ਦੀਆਂ ਸੰਭਾਵਨਾਵਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ।

## ਸੰਤ ਓਮ ਪ੍ਰਕਾਸ਼ ਜੀ (ਢਾਗੂ ਵਾਲਿਆਂ) ਦੀ ਯਾਦ ਵਿੱਚ ਸਲਾਨਾ ਭੰਡਾਰਾ 11 ਅਕਤੂਬਰ ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ

- ਸੰਤ ਰਤਨ ਪ੍ਰਕਾਸ਼ ਜੀ ਅਤੇ ਬੀਬੀ ਰਾਮ ਪ੍ਰੀਤ ਜੀ ਦੀ ਯੋਗ ਅਗਵਾਈ ਹੇਠ ਹੋਵੇਗਾ ਇਹ ਸਮਾਗਮ

**ਪੈ.ਗਾਮ-ਏ-ਜਗਤ/ਹੁਸ਼ਿਆਰਪੁਰ (ਦਲਜੀਤ ਅਜਨੋਹਾ)**



ਪਿੰਡ ਜੇਜੋ ਦੋਆਬਾ ਵਿਖੇ ਜੋਤ ਮਾਰਗੀਏ ਬ੍ਰਹਮ ਗਿਆਨੀ ਪਾਤਸ਼ਾਹ ਹਰਨਾਮ ਦਾਸ ਜੀ ਦੇ ਚੇਲੇ ਬ੍ਰਹਮ ਗਿਆਨੀ ਸੰਤ ਓਮ ਪ੍ਰਕਾਸ਼ ਜੀ ਦਾ ਸਾਲਾਨਾ ਭੰਡਾਰਾ 11 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਰਾਮ ਪ੍ਰੀਤ ਨੇ ਦੱਸਿਆ ਕਿ ਸਮਾਗਮ ਦੇ ਸੰਬੰਧ ਵਿੱਚ 9 ਅਕਤੂਬਰ ਨੂੰ ਸ਼੍ਰੀ ਆਖੰਡ ਪਾਠ ਆਰੰਭ ਹੋਣਗੇ ਜਿਨਾਂ ਦੇ ਭੋਗ 11 ਅਕਤੂਬਰ ਨੂੰ ਪਾਏ ਜਾਣਗੇ। ਪਾਠ ਦੇ ਭੋਗ ਤੋਂ ਬਾਅਦ ਕੀਰਤਨੀ ਜਥੇ ਸੰਗਤਾਂ ਨੂੰ ਕਥਾ ਕੀਰਤਨ ਰਾਹੀ ਨਿਹਾਲ ਕਰਨਗੇ ਇਸ ਮੌਕੇ ਸੰਤ ਮਹਾਂਪੁਰਸ਼ ਸੰਤ ਓਮ ਪ੍ਰਕਾਸ਼ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ। ਗੁਰੂ ਕਾ ਲੰਗਰ ਅਤੁੱਟ ਚੱਲੇਗਾ। ਸੰਤ ਰਤਨ ਪ੍ਰਕਾਸ਼ ਜੀ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

## ਗੁਰੂ ਨਾਨਕ ਸਪੋਰਟਸ ਤੇ ਵੈੱਲਫੇਅਰ ਸੁਸਾਇਟੀ (ਰਜਿ.) ਮਖ਼ਸੂਸ ਪੁਰ ਵਲੋਂ ਕੈਂਸਰ ਜਾਗਰੂਕਤਾ ਤੇ ਸਿਹਤ ਜਾਂਚ ਦਾ ਮੁਫ਼ਤ ਮੈਗਾ ਮੈਡੀਕਲ ਕੈਂਪ 11 ਅਕਤੂਬਰ ਨੂੰ

**ਪੈ.ਗਾਮ-ਏ-ਜਗਤ/ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਪਿੰਡ ਮੁਖਸ਼ੂਸਪੁਰ ‘ਚ ਗੁਰੂ ਨਾਨਕ ਸਪੋਰਟਸ ਤੇ ਵੈੱਲਫੇਅਰ ਸੁਸਾਇਟੀ (ਰਜਿ.) ਵਲੋਂ ਕੈਂਸਰ ਜਾਗਰੂਕਤਾ ਤੇ ਸਿਹਤ ਜਾਂਚ ਦਾ ਮੁਫ਼ਤ ਮੈਗਾ ਮੈਡੀਕਲ ਕੈਂਪ 11 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਈਸਪੁਰ, ਮੁਖਸ਼ੂਸਪੁਰ, ਚੇਲਾ ਵਿਖੇ ਲਗਾਇਆ ਜਾਵੇਗਾ, ਜਿਸ ਵਿਚ ਲਿਵਾਸਾ ਹਸਪਤਾਲ ਹੁਸ਼ਿਆਰਪੁਰ, ਡਾ. ਰਮਨ ਅਗਰਵਾਲ, ਅੱਖਾਂ ਤੇ ਛਾਤੀ ਹਸਪਤਾਲਫਗਵਾੜਾ ਦੇ ਮਾਹਿਰ ਡਾਕਟਰ ਪਹੁੰਚ ਰਹੇ ਹਨ। ਇਸ ਸੰਬੰਧੀ ਬਲਵਿੰਦਰ ਸਿੰਘ ਗਿੱਲ, ਜਸਵੀਰ ਸਿੰਘ ਮੁਖਸ਼ੂਸਪੁਰ ਆਦਿ ਨੇ ਦੱਸਿਆ ਕਿ ਕੈਂਪ ਦੌਰਾਨ ਕੈਂਸਰ ਦੀ ਜਾਂਚ, ਹੱਡੀਆਂ ਤੇ ਜੋੜਾਂ ਦੇ ਦਰਦ, ਨੱਕ-ਕੰਨ-ਗਲੇ ਦੀਆਂ ਸਮੱਸਿਆਵਾਂ, ਅੱਖਾਂ, ਛਾਤੀ ਅਤੇ ਫੇਫੜਿਆਂ ਨਾਲ ਸੰਬੰਧਿਤ ਬਿਮਾਰੀਆਂ ਆਦਿ ਦੀ ਜਾਂਚ ਲਈ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਦੇਣਗੇ। ਕੈਂਪ ’ਚ ਔਰਤਾਂ ਦੀ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਵੀ ਕੀਤੀ ਜਾਵੇਗੀ।

# ‘ਮੇਰਾ ਘਰ-ਮੇਰੇ ਨਾਮ’ : ਗੜ੍ਹਸ਼ੰਕਰ ਦੇ ਪਿੰਡ ਰਸੂਲਪੁਰ ’ਚ 86 ਪਰਿਵਾਰਾਂ ਨੂੰ ਵੰਡੇ ਪ੍ਰਾਪਰਟੀ ਕਾਰਡ

- ਪੰਜਾਬ ਸਰਕਾਰ ਦੀ ਸਕੀਮ ਤਹਿਤ ਲਾਲ ਲਕੀਰ ਦੇ ਵਸਨੀਕਾਂ ਨੂੰ ਮਿਲੇ ਆਪਣੀ ਪ੍ਰਾਪਰਟੀ ਦੇ ਮਾਲਕੀ ਵਾਲੇ ਹੱਕ



**ਪੈ.ਗਾਮ-ਏ-ਜਗਤ/ਗੜ੍ਹਸ਼ੰਕਰ 7 ਅਕਤੂਬਰ (ਹਰੀ ਕ੍ਰਿਸ਼ਨ ਗੰਗੜ)**

ਪੰਜਾਬ ਸਰਕਾਰ ਵਲੋਂ ਲਾਲ ਲਕੀਰ ਦੇ ਵਸਨੀਕਾਂ ਨੂੰ ਉਨ੍ਹਾਂ ਦੀ ਜਾਇਦਾਦ ਦੇ ਹੱਕ ਦੇਣ ਲਈ ਸ਼ੁਰੂ ਕੀਤੀ ‘ਮੇਰਾ ਘਰ-ਮੇਰੇ ਨਾਮ’ ਸਕੀਮ ਤਹਿਤ ਅੱਜ ਨੇੜਲੇ ਪਿੰਡ ਰਸੂਲਪੁਰ ਵਿਖੇ 86 ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੇ ਹੱਕ ਵਾਲੇ ਪ੍ਰਾਪਰਟੀ ਕਾਰਡ ਸੌਂਪੇ ਗਏ।

ਐਸ.ਡੀ.ਐਮ. ਸੰਜੀਵ ਕੁਮਾਰ, ਇਲਾਕੇ ਦੇ ਮੋਹਤਬਰਾਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਪ੍ਰਾਪਰਟੀ ਕਾਰਡ ਵੰਡਣ ਵੇਲੇ ਅਧਿਕਾਰੀਆਂ ਨੇ ਦੱਸਿਆ ਕਿ ਲਾਲ ਲਕੀਰ ਵਾਸੀ ਹੁਣ ਆਪਣੀ ਪ੍ਰਾਪਰਟੀ ਦੇ ਕਾਨੂੰਨਨ ਹੱਕਦਾਰ ਬਣ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲਾਲ ਲਕੀਰ ਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕਾਂ ਦੀ ਕਾਨੂੰਨੀ ਮਾਨਤਾ ਪ੍ਰਦਾਨ ਕੀਤੀ ਹੈ ਜਿਸ ਨਾਲ ਉਹ ਜ਼ਿੰਦਗੀ ਵਿਚ ਵੱਖ-ਵੱਖ ਤਰ੍ਹਾਂ ਦੀ ਤਰੱਕੀ ਲਈ ਆਪਣੀ ਜਾਇਦਾਦ ਵਰਤੋਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ‘ਮੇਰਾ ਘਰ-ਮੇਰੇ ਨਾਮ’ ਸਕੀਮ ਲੋਕਾਂ ਨੂੰ ਨਾ ਸਿਰਫ ਮਾਲਕੀ ਪ੍ਰਦਾਨ ਕਰਦੀ ਹੈ ਸਗੋਂ ਉਨ੍ਹਾਂ ਦੇ ਆਤਮ-ਵਿਸ਼ਵਾਸ਼ ਅਤੇ ਮਨੋਬਲ ਨੂੰ ਵੀ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਪਰਿਵਾਰ ਆਪਣੀ ਪ੍ਰਾਪਰਟੀ ਵੇਚ-ਖਰੀਦ ਸਕਦੇ ਹਨ ਅਤੇ ਇਨ੍ਹਾਂ ਪ੍ਰਾਪਰਟੀਆਂ ਦੀ ਰਜਿਸਟਰੀ ਦਾ ਰਾਹ ਪੂਰੀ ਤਰ੍ਹਾਂ ਪੱਧਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਆਪਣੇ ਘਰਾਂ ਆਦਿ ਦੀ ਮਾਲਕੀ ਨੂੰ ਲੈ ਕੇ ਲੰਮੇਂ ਸਮੇਂ ਤੋਂ ਵੱਖ-ਵੱਖ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਦਾ ਪੰਜਾਬ ਸਰਕਾਰ ਨੇ ਪੱਕਾ ਹੱਲ ਕਰਕੇ ਇਨ੍ਹਾਂ ਵਸਨੀਕਾਂ ਦੀ ਚਿਰਾਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ। ਇਸ ਮੌਕੇ ਐਸ.ਡੀ.ਐਮ. ਸੰਜੀਵ ਕੁਮਾਰ ਨੇ ਦੱਸਿਆ ਕਿ ਮਾਲਕੀ ਲਈ ਪ੍ਰਾਪਰਟੀ ਕਾਰਡ ਬਣਾਉਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਯੋਜਨਾਬੱਧ ਢੰਗ ਨਾਲ ਕੀਤੀ ਜਾ ਰਹੀ ਹੈ ਜਿਸ ਤਹਿਤ ਮਾਲ ਵਿਭਾਗ ਵਲੋਂ ਪਹਿਲਾਂ ਡਰੋਨ ਸਰਵੇਖਣ ਰਾਹੀਂ ਪਿੰਡ ਦੇ ਸਾਰੇ ਘਰਾਂ ਦਾ ਨਕਸ਼ਾ ਬਣਾਇਆ ਜਾਂਦਾ ਹੈ ਅਤੇ ਬਾਅਦ ਵਿਚ ਇੱਕ ਮੁੱਢਲਾ ਨਕਸ਼ਾ (ਨਕਸ਼ਾ-1) ਬਣਾ ਕੇ ਪਟਵਾਰੀ, ਸਰਪੰਚਾਂ, ਨੰਬਰਦਾਰਾਂ ਅਤੇ ਪਿੰਡ ਦੇ ਹੋਰ ਪਤਵੰਤਿਆਂ ਦੀ ਟੀਮ ਨਾਲ ਮੌਜੂਦਾ ਸਥਿਤੀ ਦਾ ਪਤਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜ਼ਮੀਨੀ ਤਸਦੀਕ ਹੋਣ ਦੇ ਆਧਾਰ ’ਤੇ, ਸਰਵੇ ਆਫ਼ ਇੰਡੀਆ ਅੰਤਿਮ ਨਕਸ਼ਾ (ਨਕਸ਼ਾ-2) ਤਿਆਰ ਕਰਦਾ ਹੈ, ਜਿਸ ਵਿੱਚ ਘਰਾਂ ਦੀ ਨੰਬਰਿੰਗ ਕੀਤੀ ਜਾਂਦੀ ਹੈ ਜਿਸ ਉਪਰੰਤ ਮਾਲਕਾਂ ਦੇ ਵੇਰਵੇ ਦਰਜ ਕੀਤੇ ਜਾਂਦੇ ਹਨ।

“ਪੈਗਾਮ-ਏ-ਜਗਤ”
NEWS & WEB CHANNEL
HEAD OFFICE
F 388, Industrial Area, Sector 74,
Sahibzada Ajit Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
“ਪੈਗਾਮ-ਏ-ਜਗਤ” ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਮੇਰਾ ਘਰ, ਮੇਰੇ ਨਾਂ' ਸਕੀਮ ਤਹਿਤ ਪਿੰਡ ਦੀਵਾਨਗੜ੍ਹ ਉਰਫ਼ ਕਾਇਮਪੁਰ ਵਿਖੇ 194 ਪ੍ਰਾਪਰਟੀ ਕਾਰਡ ਵੰਡੇ

## ਸਕੀਮ ਤਹਿਤ ਹਲਕਾ ਦਿੜ੍ਹਬਾ ਵਿੱਚ ਕੁੱਲ 25,122 ਪ੍ਰਾਪਰਟੀ ਕਾਰਡਾਂ ਦੀ ਕੀਤੀ ਜਾਣੀ ਹੈ ਵੰਡ

**ਦਿੜ੍ਹਬਾ, 7 ਅਕਤੂਬਰ (ਪੈ.ਗ਼ਾਮ-ਏ-ਜਗਤ)**

ਪੰਜਾਬ ਦੇ ਵਿੱਤ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ 'ਮੇਰਾ ਘਰ, ਮੇਰੇ ਨਾਂ' ਸਕੀਮ ਤਹਿਤ ਅੱਜ ਪਿੰਡ ਦੀਵਾਨਗੜ੍ਹ ਉਰਫ਼ ਕਾਇਮਪੁਰ ਵਿਖੇ ਯੋਗ ਲਾਭਪਾਤਰੀਆਂ ਨੂੰ 194 ਪ੍ਰਾਪਰਟੀ ਕਾਰਡ ਵੰਡੇ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਲਾਲ ਡੋਰੇ ਅੰਦਰ ਰਹਿੰਦੇ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੀ ਦਸਤਾਵੇਜ਼ੀ ਪਛਾਣ ਮੁਹੱਈਆ ਕਰਵਾਉਣ ਵੱਲ ਅਹਿਮ ਕਦਮ ਹੈ। ਇਸ ਸਕੀਮ ਤਹਿਤ ਹਲਕਾ ਦਿੜ੍ਹਬਾ ਵਿੱਚ ਕੁੱਲ 25,122 ਪ੍ਰਾਪਰਟੀ ਕਾਰਡਾਂ ਦੀ ਵੰਡ ਕੀਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਯੋਗ ਲਾਭਪਾਤਰੀਆਂ ਤੱਕ ਸੁਚਾਰੂ ਢੰਗ ਨਾਲ ਕਾਰਡ ਪਹੁੰਚਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਇਨ੍ਹਾਂ ਦੀ ਮਹੱਤਤਾ ਅਤੇ ਵਰਤੋਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਆਪਣਾ ਘਰ ਹਰ ਪਰਿਵਾਰ ਦੀਆਂ ਭਾਵਨਾਵਾਂ, ਜੀਵਨ ਭਰ ਦੀ ਮਿਹਨਤ ਅਤੇ ਭਵਿੱਖ ਦੀਆਂ ਉਮੀਦਾਂ ਨਾਲ ਜੁੜਿਆ ਹੁੰਦਾ ਹੈ। ਜਿਸ ਘਰ ਵਿੱਚ ਕਿਸੇ ਪਰਿਵਾਰ ਦੀਆਂ ਕਈ ਪੀੜ੍ਹੀਆਂ ਨੇ ਜੀਵਨ ਬਿਤਾਇਆ ਹੋਵੇ, ਉਸ ਘਰ ਦੀ ਮਾਲਕੀ ਦਾ ਸਪੱਸ਼ਟ ਦਸਤਾਵੇਜ਼ ਉਸ ਪਰਿਵਾਰ ਲਈ ਵਿਸ਼ੇਸ਼



ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਪਰਟੀ ਕਾਰਡ ਪਰਿਵਾਰ ਨੂੰ ਆਪਣੇ ਘਰ ਦੀ ਮਾਲਕੀ ਸਬੰਧੀ ਰਸਮੀ ਰਿਕਾਰਡ ਮੁਹੱਈਆ ਕਰਵਾ ਕੇ ਭਰੋਸੇ ਅਤੇ ਸੁਰੱਖਿਆ ਦਾ ਅਹਿਸਾਸ ਦਿਵਾਉਂਦਾ ਹੈ।

ਚੀਮਾ ਨੇ ਕਿਹਾ ਕਿ ਪਿੰਡਾਂ ਵਿੱਚ ਬਹੁਤ ਸਾਰੇ ਪਰਿਵਾਰ ਪੀੜ੍ਹੀਆਂ ਤੋਂ ਲਾਲ ਡੋਰੇ ਅੰਦਰ ਆਪਣੇ ਘਰਾਂ ਵਿੱਚ ਰਹਿ ਰਹੇ ਹਨ, ਪਰ ਮਾਲਕੀ ਦਾ ਰਸਮੀ ਰਿਕਾਰਡ ਨਾ ਹੋਣ ਕਾਰਨ ਉਨ੍ਹਾਂ ਨੂੰ ਵੱਖ-ਵੱਖ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਮੇਰਾ ਘਰ, ਮੇਰੇ ਨਾਂ' ਸਕੀਮ ਅਜਿਹੇ ਯੋਗ ਪਰਿਵਾਰਾਂ ਦੇ ਘਰਾਂ ਦੀ ਮਾਲਕੀ ਸਬੰਧੀ ਰਿਕਾਰਡ ਦੀ ਘਾਟ ਦੂਰ ਕਰਨ ਅਤੇ ਉਨ੍ਹਾਂ ਦੇ ਹੱਕਾਂ ਨੂੰ ਸਪੱਸ਼ਟ ਕਰਨ ਲਈ ਮਹੱਤਵਪੂਰਨ ਉਪਰਾਲਾ ਹੈ।

ਉਨ੍ਹਾਂ ਦੱਸਿਆ ਕਿ ਸਕੀਮ ਤਹਿਤ ਡਰੋਨ ਸਰਵੇ ਅਤੇ ਆਧੁਨਿਕ ਤਕਨੀਕ ਦੀ ਮਦਦ ਨਾਲ ਜਾਇਦਾਦਾਂ ਦੀ ਹੱਦਬੰਦੀ ਅਤੇ ਮੈਪਿੰਗ ਕਰਕੇ ਮਾਲਕੀ ਸਬੰਧੀ ਰਿਕਾਰਡ ਤਿਆਰ ਕੀਤਾ ਜਾਂਦਾ ਹੈ। ਘਰਾਂ ਦੀ ਸਥਿਤੀ, ਹੱਦਾਂ ਅਤੇ ਮਾਲਕੀ ਦਾ ਸਪੱਸ਼ਟ ਰਿਕਾਰਡ ਹੋਣ ਨਾਲ ਪਾਰਦਰਸ਼ਤਾ ਵਧਦੀ ਹੈ ਅਤੇ ਆਪਸੀ ਗ਼ਲਤਫ਼ਹਿਮੀਆਂ ਤੇ ਜਾਇਦਾਦ ਸਬੰਧੀ ਵਿਵਾਦਾਂ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਪ੍ਰਾਪਰਟੀ ਕਾਰਡ ਘਰ ਦੀ ਪਛਾਣ ਅਤੇ ਮਾਲਕੀ ਸਬੰਧੀ ਜਾਣਕਾਰੀ ਦਾ ਅਹਿਮ ਦਸਤਾਵੇਜ਼ ਹੈ। ਇਹ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਸੰਭਾਲ, ਸੁਧਾਰ ਅਤੇ ਭਵਿੱਖ ਦੀ ਯੋਜਨਾਬੰਦੀ ਲਈ ਵਧੇਰੇ ਭਰੋਸਾ ਦੇਵੇਗਾ। ਰਸਮੀ ਜਾਇਦਾਦ ਰਿਕਾਰਡ ਉਪਲਬਧ ਹੋਣ ਨਾਲ ਬੈਂਕਾਂ ਕੋਲ ਕਰਜ਼ੇ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਵਿੱਚ ਵੀ ਸਹੂਲਤ ਹੋ ਸਕਦੀ ਹੈ, ਹਾਲਾਂਕਿ ਕਰਜ਼ੇ ਦੀ ਮਨਜ਼ੂਰੀ ਸਬੰਧਤ ਬੈਂਕ ਦੇ ਨਿਯਮਾਂ ਅਤੇ ਬਿਨੈਕਾਰ ਦੀ ਯੋਗਤਾ ਅਨੁਸਾਰ ਹੋਵੇਗੀ।

ਸ੍ਰ ਚੀਮਾ ਨੇ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪ੍ਰਾਪਰਟੀ ਕਾਰਡ ਵਿੱਚ ਦਰਜ ਨਾਮ, ਘਰ ਦੀ ਜਾਣਕਾਰੀ ਅਤੇ ਹੋਰ ਵੇਰਵੇ ਧਿਆਨ ਨਾਲ ਜਾਂਚਣ। ਕਿਸੇ ਗ਼ਲਤੀ ਜਾਂ ਅਸਪੱਸ਼ਟਤਾ ਦੀ ਸੂਰਤ ਵਿੱਚ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ, ਤਾਂ ਜੋ ਰਿਕਾਰਡ ਦੀ ਦਰੁਸਤੀ ਲਈ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਲੋਕਾਂ ਨੂੰ ਸਰਵੇ, ਰਿਕਾਰਡ ਦੀ ਪੜਤਾਲ ਅਤੇ ਕਾਰਡਾਂ ਦੀ ਵੰਡ ਦੌਰਾਨ ਸਬੰਧਤ ਟੀਮਾਂ ਨੂੰ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ।

ਚੀਮਾ ਨੇ ਕਿਹਾ, "'ਮੇਰਾ ਘਰ, ਮੇਰੇ ਨਾਂ' ਸਕੀਮ ਲੋਕਾਂ ਦੇ ਆਪਣੇ ਘਰ ਨਾਲ ਜੁੜੇ ਹੱਕਾਂ, ਸਨਮਾਨ ਅਤੇ ਭਵਿੱਖ ਦੀ ਸੁਰੱਖਿਆ ਨੂੰ ਮਜ਼ਬੂਤ ਕਰਦੀ ਹੈ। ਅੱਜ ਪਿੰਡ ਦੀਵਾਨਗੜ੍ਹ ਉਰਫ਼ ਕਾਇਮਪੁਰ ਵਿੱਚ 194 ਪ੍ਰਾਪਰਟੀ ਕਾਰਡਾਂ ਦੀ ਵੰਡ ਨਾਲ ਲਾਭਪਾਤਰੀਆਂ ਨੂੰ ਆਪਣੇ ਘਰਾਂ ਦੀ ਮਾਲਕੀ ਦੀ ਦਸਤਾਵੇਜ਼ੀ ਪਛਾਣ ਮਿਲੀ ਹੈ। ਸਾਡਾ ਉਦੇਸ਼ ਹੈ ਕਿ ਹਰ ਯੋਗ ਪਰਿਵਾਰ ਤੱਕ ਇਸ ਸਕੀਮ ਦਾ ਲਾਭ ਪਹੁੰਚੇ ਅਤੇ ਉਸ ਦੇ ਘਰ ਦੀ ਮਾਲਕੀ ਸਬੰਧੀ ਰਿਕਾਰਡ ਸਪੱਸ਼ਟ ਹੋਵੇ।

# ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਲਹਿਰਾਗਾਗਾ ਦੀ ਦਾਣਾ ਮੰਡੀ ਵਿੱਚ ਝੋਨੇ ਦੀ ਖ਼ਰੀਦ ਦੀ ਸ਼ੁਰੂਆਤ

**ਲਹਿਰਾਗਾਗਾ, 7 ਅਕਤੂਬਰ (ਪੈ.ਗ਼ਾਮ-ਏ-ਜਗਤ)**

ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਲਹਿਰਾਗਾਗਾ ਦੀ ਦਾਣਾ ਮੰਡੀ ਵਿਖੇ ਪਹੁੰਚ ਕੇ ਝੋਨੇ ਦੀ ਖ਼ਰੀਦ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ, ਆੜ੍ਹਤੀਆਂ ਅਤੇ ਸ਼ੈਲਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਖ਼ਰੀਦ ਸੀਜ਼ਨ ਦੌਰਾਨ ਲੋੜੀਂਦੀਆਂ ਸਹੂਲਤਾਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ।

- ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕਾ ਅਤੇ ਸਾਫ਼ ਝੋਨਾ ਲਿਆਉਣ ਦੀ ਅਪੀਲ



ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਮਿਹਨਤ ਨਾਲ ਪੈਦਾ ਕੀਤੀ ਫ਼ਸਲ ਦੀ ਸੁਚਾਰੂ ਖ਼ਰੀਦ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਉਣ ਦੇਣਾ ਅਤੇ ਉਨ੍ਹਾਂ ਦੀ ਫ਼ਸਲ ਦੀ ਸਮੇਂ ਸਿਰ ਖ਼ਰੀਦ, ਚੁਕਾਈ ਅਤੇ ਅਦਾਇਗੀ ਯਕੀਨੀ ਬਣਾਉਣਾ ਸਰਕਾਰ ਦੀ ਤਰਜੀਹ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਖ਼ਰੀਦ ਏਜੰਸੀਆਂ, ਮੰਡੀ ਪ੍ਰਬੰਧਕਾਂ, ਆੜ੍ਹਤੀਆਂ ਅਤੇ ਟਰਾਂਸਪੋਰਟਰਾਂ ਵਿਚਕਾਰ ਤਾਲਮੇਲ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਖ਼ਰੀਦੇ ਗਏ ਝੋਨੇ ਦੀ ਚੁਕਾਈ ਨਾਲੋ-ਨਾਲ ਹੋਣੀ ਚਾਹੀਦੀ ਹੈ ਤਾਂ ਜੋ ਮੰਡੀਆਂ ਵਿੱਚ ਫ਼ਸਲ ਦੇ ਢੇਰ ਨਾ ਲੱਗਣ ਅਤੇ ਫ਼ਸਲ ਲੈ ਕੇ ਆਉਣ ਵਾਲੇ ਹੋਰਨਾਂ ਕਿਸਾਨਾਂ ਨੂੰ ਥਾਂ ਦੀ ਕੋਈ ਦਿੱਕਤ ਨਾ ਆਵੇ।

ਗੋਇਲ ਨੇ ਮੰਡੀ ਵਿੱਚ ਸਫ਼ਾਈ, ਪੀਣ ਵਾਲੇ ਪਾਣੀ, ਰੌਸ਼ਨੀ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦ ਨਾਲ ਸਬੰਧਤ ਕਿਸੇ ਵੀ ਸਮੱਸਿਆ ਦਾ ਤੁਰੰਤ ਹੱਲ ਕਰਨ ਲਈ ਸਬੰਧਤ ਅਧਿਕਾਰੀ ਆਪਸੀ ਤਾਲਮੇਲ ਨਾਲ ਕੰਮ ਕਰਨ। ਕਿਸਾਨਾਂ ਨੂੰ ਅਪੀਲ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਮੰਡੀਆਂ ਵਿੱਚ ਨਿਰਧਾਰਤ ਮਾਪਦੰਡਾਂ ਅਨੁਸਾਰ ਸੁੱਕਾ ਅਤੇ ਸਾਫ਼ ਝੋਨਾ ਹੀ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਵੱਧ ਨਮੀ ਵਾਲੀ ਫ਼ਸਲ ਲਿਆਉਣ ਨਾਲ ਖ਼ਰੀਦ ਵਿੱਚ ਦੇਰੀ ਹੋ ਸਕਦੀ ਹੈ, ਜਦਕਿ ਸੁੱਕਾ ਝੋਨਾ ਲਿਆਉਣ ਨਾਲ ਖ਼ਰੀਦ ਪ੍ਰਕਿਰਿਆ ਛੇਤੀ ਮੁਕੰਮਲ ਹੁੰਦੀ ਹੈ ਅਤੇ ਕਿਸਾਨਾਂ ਦਾ ਸਮਾਂ ਵੀ ਬਚਦਾ ਹੈ।

ਉਨ੍ਹਾਂ ਨੇ ਆੜ੍ਹਤੀਆਂ, ਸ਼ੈਲਰ ਮਾਲਕਾਂ ਅਤੇ ਕਿਸਾਨਾਂ ਨੂੰ ਖ਼ਰੀਦ ਸੀਜ਼ਨ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ। ਸ੍ਰੀ ਗੋਇਲ ਨੇ ਕਿਹਾ ਕਿ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਅਤੇ ਖ਼ਰੀਦ ਪ੍ਰਕਿਰਿਆ ਨਾਲ ਜੁੜੇ ਹੋਰ ਵਰਗਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਲਹਿਰਾਗਾਗਾ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ, ਮਾਰਕੀਟ ਕਮੇਟੀ ਲਹਿਰਾ ਦੇ ਚੇਅਰਮੈਨ ਸ਼ੀਸ਼ਪਾਲ ਅਨੰਦ, ਆੜ੍ਹਤੀ ਮੇਘ ਰਾਜ, ਵਿਜੇ ਕੁਮਾਰ, ਅਜੇ ਕੁਮਾਰ ਠੋਲੀ ਅਤੇ ਓਮ ਪ੍ਰਕਾਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆੜ੍ਹਤੀ, ਸ਼ੈਲਰ ਐਸੋਸੀਏਸ਼ਨ ਦੇ ਨੁਮਾਇੰਦੇ ਅਤੇ ਕਿਸਾਨ ਹਾਜ਼ਰ ਸਨ।

# ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਨਰਸਿੰਗ ਵਿਦਿਆਰਥੀਆਂ ਲਈ ਨਵੀਆਂ ਇਲਾਜ ਤਕਨੀਕਾਂ 'ਤੇ ਵਿਸ਼ੇਸ਼ ਲੈਕਚਰ

**ਪੈ.ਗ਼ਾਮ-ਏ-ਜਗਤ**
**ਹੁਸ਼ਿਆਰਪੁਰ (ਦਲਜੀਤ ਅਜਨੋਹਾ)**

ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ ਕੈਂਪਸ ਦੇ ਮੂਟ ਕੋਰਟ ਵਿਖੇ ਨਰਸਿੰਗ ਵਿਦਿਆਰਥੀਆਂ ਲਈ ਨਵੀਆਂ ਇਲਾਜ ਤਕਨੀਕਾਂ ਬਾਰੇ ਇੱਕ ਵਿਸ਼ੇਸ਼ ਗੈਸਟ ਲੈਕਚਰ ਕਰਵਾਇਆ ਗਿਆ। ਇਸ ਸੈਸ਼ਨ ਵਿੱਚ ਬੀ.ਐਸਸੀ. ਨਰਸਿੰਗ ਦੂਜੇ ਅਤੇ ਚੌਥੇ ਸਮੈਸਟਰ ਦੇ ਵਿਦਿਆਰਥੀਆਂ ਨੇ ਭਾਗ ਲਿਆ।




ਸਮਾਗਮ ਵਿੱਚ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਮਾਹਿਰ ਡਾਕਟਰ ਮਯੰਕ ਕਪੂਰ (ਐਮ.ਡੀ.-ਇੰਟਰਨਲ ਮੈਡੀਸਨ, ਡੀ.ਐਮ.-ਮੈਡੀਕਲ ਓਨਕੋਲੋਜੀ, ਏਮਜ਼; ਯੂਨੀਵਰਸਿਟੀ ਟੌਪਰ) ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਡਾ. ਕਪੂਰ ਨੇ ਵਿਦਿਆਰਥੀਆਂ ਨੂੰ ਸਰਲ ਸ਼ਬਦਾਂ ਵਿੱਚ ਦੱਸਿਆ ਕਿ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਨਵੀਆਂ ਮੈਡੀਕਲ ਤਕਨੀਕਾਂ ਜਿਵੇਂ ਕਿ ਸਟੈਮ ਸੈੱਲ ਅਤੇ ਜੀਨ ਥੈਰੇਪੀ ਕਿਵੇਂ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਮੈਡੀਕਲ ਖੇਤਰ ਵਿੱਚ ਆ ਰਹੇ ਇਹ ਨਵੇਂ ਬਦਲਾਅ ਮਰੀਜ਼ਾਂ ਦੀ ਦੇਖਭਾਲ ਨੂੰ ਹੋਰ ਬਿਹਤਰ ਬਣਾ ਰਹੇ ਹਨ ਅਤੇ ਭਵਿੱਖ ਦੇ ਨਰਸਿੰਗ ਸਟਾਫ਼ ਲਈ ਇਨ੍ਹਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

ਇਸ ਮੌਕੇ ਯੂਨੀਵਰਸਿਟੀ ਦੇ ਉਪ-ਕੁਲਪਤੀ (ਵਾਈਸ ਚਾਂਸਲਰ) ਡਾ. ਚੰਦਰ ਮੋਹਨ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਹਮੇਸ਼ਾ ਵਿਦਿਆਰਥੀਆਂ ਨੂੰ ਮਿਆਰੀ ਅਤੇ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿਸ਼ੇਸ਼ ਲੈਕਚਰ ਵਿਦਿਆਰਥੀਆਂ ਨੂੰ ਨਵੀਨਤਮ ਮੈਡੀਕਲ ਤਕਨਾਲੋਜੀ ਨਾਲ ਜੋੜਦੇ ਹਨ, ਜਿਸ ਨਾਲ ਉਹ ਭਵਿੱਖ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਬਿਹਤਰ ਸਿਹਤ ਸੇਵਾਵਾਂ ਨਿਭਾਉਣ ਦੇ ਯੋਗ ਬਣਦੇ ਹਨ। ਇਸ ਦੌਰਾਨ ਵਿਦਿਆਰਥੀਆਂ ਨੇ ਡਾ. ਕਪੂਰ ਨਾਲ ਸਵਾਲ-ਜਵਾਬ ਕਰਕੇ ਆਪਣੇ ਸ਼ੰਕੇ ਦੂਰ ਕੀਤੇ। ਸਮਾਗਮ ਦੇ ਅੰਤ ਵਿੱਚ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਡਾ. ਮਯੰਕ ਕਪੂਰ ਦਾ ਉਨ੍ਹਾਂ ਦੀ ਅਹਿਮ ਜਾਣਕਾਰੀ ਲਈ ਧੰਨਵਾਦ ਕੀਤਾ ਗਿਆ।

# ਸਬ-ਇੰਸਪੈਕਟਰ ਇਕਬਾਲ ਮੁਹੰਮਦ ਨੂੰ ਮਿਲੀ ਇੰਸਪੈਕਟਰ ਵਜੋਂ ਤਰੱਕੀ



**ਐਸ ਏ ਐਸ ਨਗਰ, 7 ਅਕਤੂਬਰ (ਪੈ.ਗ਼ਾਮ-ਏ-ਜਗਤ)**

ਪੰਜਾਬ ਸਰਕਾਰ ਵਲੋਂ ਸਬ ਇੰਸਪੈਕਟਰ ਸ੍ਰੀ ਇਕਬਾਲ ਮੁਹੰਮਦ ਨੂੰ ਤਰੱਕੀ ਦੇ ਕੇ ਇੰਸਪੈਕਟਰ ਦੇ ਅਹੁਦੇ ਤੇ ਪਦ ਉਨਤ ਕੀਤਾ ਗਿਆ ਹੈ। ਮੁਹਾਲੀ ਦੇ ਐਸਪੀ ਸਿਟੀ ਸ੍ਰੀ ਦਿਲਪ੍ਰੀਤ ਸਿੰਘ ਆਈਪੀਐਸ ਵੱਲੋਂ ਉਨ੍ਹਾਂ ਦੇ ਮੋਢਿਆਂ ਤੇ ਇੰਸਪੈਕਟਰ ਦੇ ਸਟਾਰ ਲਗਾ ਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।



**ਸਰਕਾਰੀ ਐਲੀਮੈਂਟਰੀ ਸਕੂਲ ਲੜਕੀਆ ਗੜ੍ਹਸ਼ੰਕਰ ਵਿਖੇ ਸਕੂਲ ਮੈਨਜਮੈਂਟ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੀ ਸ਼੍ਰੀਮਤੀ ਬਲਵੀਰ ਕੌਰ, ਪ੍ਰਿੰਸੀਪਲ ਹਰੀ ਕ੍ਰਿਸ਼ਨ, ਚੇਅਰਮੈਨ ਯੇ ਕਮੇਟੀ ਮੈਂਬਰ ਹਾਜ਼ਰ ਹੋਏ।**
(ਫੋਟੋ ਤੇ ਵੇਰਵਾ : ਪੈ.ਗ਼ਾਮ-ਏ-ਜਗਤ/ਹਰੀ ਕ੍ਰਿਸ਼ਨ ਗੰਗੜ ਗੜ੍ਹਸ਼ੰਕਰ)

# ਹਾਂਸੀ ਦੇ ਸਨਾਤਨ ਧਰਮ ਮਹਿਲਾ ਮਹਾਵਿਦਿਆਲਿਆ ਦੇ ਸਭਾਗਾਰ ਵਿੱਚ ਵਿਸ਼ਾਲ ਵਿਕਸਿਤ ਭਾਰਤ ਸੇਵਾ ਸੰਕਲਪ ਸਭਾ ਦਾ ਆਯੋਜਨ

**ਪੈ.ਗ਼ਾਮ-ਏ-ਜਗਤ/ਹਾਂਸੀ**
**7 ਅਕਤੂਬਰ (ਦਿਨਕਰ ਗਾਵੜੀ)**

ਸੇਵਾ ਸੰਕਲਪ ਮੁਹਿੰਮ ਤਹਿਤ ਬੁੱਧਵਾਰ ਨੂੰ ਸਥਾਨਕ ਸਨਾਤਨ ਧਰਮ ਮਹਿਲਾ ਮਹਾਵਿਦਿਆਲਿਆ ਦੇ ਸਭਾਗਾਰ ਵਿੱਚ ਵਿਕਸਿਤ ਭਾਰਤ ਸੇਵਾ ਸੰਕਲਪ ਸਭਾ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵਿਧਾਇਕ ਵਿਨੋਦ ਭਯਾਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸਾਬਕਾ ਮੰਤਰੀ ਕੈਪਟਨ ਅਭਿਮਨਿਊ ਅਤੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੈਣੀ, ਪੰਚਾਇਤ ਸਮਿਤੀ ਚੇਅਰਪਰਸਨ ਵਿਸ਼ੇਸ਼ ਮਹਿਮਾਨ ਵਜੋਂ ਅਤੇ ਡੀਸੀ ਰਾਹੁਲ ਨਰਵਾਲ ਹਾਜ਼ਰ ਰਹੇ। ਵਿਕਸਿਤ ਭਾਰਤ ਸੰਕਲਪ ਸਭਾ ਪ੍ਰੋਗਰਾਮ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਨੀਤਿਨ ਨਬੀਨ ਦੇ ਭਾਸ਼ਣ ਨੂੰ ਵੀ ਲਾਈਵ ਸੁਣਾਇਆ ਗਿਆ।

- ਵਿਧਾਇਕ ਵਿਨੋਦ ਭਯਾਨਾ ਨੇ ਸਾਬਕਾ ਵਿੱਤ ਮੰਤਰੀ ਕੈਪਟਨ ਅਭਿਮਨਿਊ ਅਤੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੈਣੀ ਨਾਲ ਪ੍ਰਜਵਲਿਤ ਕੀਤੀ ਸੇਵਾ ਜੋਤੀ



ਸਭਾ ਉਪਰੰਤ ਵਿਧਾਇਕ ਵਿਨੋਦ ਭਯਾਨਾ ਨੇ ਸੇਵਾ ਜੋਤੀ ਪ੍ਰਜਵਲਿਤ ਕੀਤੀ ਅਤੇ ਸ਼ਹਿਰ ਵਿੱਚ ਕੱਢੀ ਗਈ ਸੇਵਾ ਜੋਤੀ ਯਾਤਰਾ ਦੀ ਅਗਵਾਈ ਕੀਤੀ। ਯਾਤਰਾ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਮਾਰਗਾਂ ਤੋਂ ਹੁੰਦੀ ਹੋਈ ਕ੍ਰਾਂਤੀਕਾਰੀ ਚੌਕ ਦੇ ਨੇੜੇ ਪਹੁੰਚੀ, ਜਿੱਥੇ ਵਿਧਾਇਕ ਨੇ ਸੇਵਾ ਜੋਤੀ ਮਸ਼ਾਲ ਸਥਾਪਤ ਕੀਤੀ।

ਵਿਧਾਇਕ ਵਿਨੋਦ ਭਯਾਨਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਵਿਕਸਿਤ ਭਾਰਤ ਦਾ ਨਿਰਮਾਣ ਸਿਰਫ਼ ਸਰਕਾਰੀ ਯਤਨਾਂ ਨਾਲ ਨਹੀਂ, ਸਗੋਂ ਹਰੇਕ ਨਾਗਰਿਕ ਦੇ ਸੰਕਲਪ, ਸਹਿਯੋਗ ਅਤੇ ਜ਼ਿੰਮੇਵਾਰੀ ਨਾਲ ਸੰਭਵ ਹੋਵੇਗਾ। ਸੇਵਾ ਸੰਕਲਪ ਮੁਹਿੰਮ ਸਮਾਜ ਦੇ ਹਰੇਕ ਵਰਗ ਨੂੰ ਸੇਵਾ, ਸੁਸ਼ਾਸਨ, ਜਨ-ਭਾਗੀਦਾਰੀ ਅਤੇ ਰਾਸ਼ਟਰ ਨਿਰਮਾਣ ਨਾਲ ਜੋੜਨ ਦਾ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸੇਵਾ ਅਤੇ ਰਾਸ਼ਟਰ ਹਿੱਤ ਦੀ ਭਾਵਨਾ ਅਪਣਾਉਂਦੇ ਹੋਏ ਸਿੱਖਿਆ, ਸਫ਼ਾਈ, ਵਾਤਾਵਰਣ ਸੰਭਾਲ, ਸਮਾਜਿਕ ਸਦਭਾਵਨਾ, ਆਤਮਨਿਰਭਰਤਾ ਅਤੇ ਲੋੜਵੰਦਾਂ ਦੀ ਸਹਾਇਤਾ ਵਰਗੇ ਕੰਮਾਂ ਵਿੱਚ ਸਰਗਰਮ ਭਾਗੀਦਾਰੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੇਵਾ ਜੋਤੀ ਸਮਾਜ ਵਿੱਚ ਸਕਾਰਾਤਮਕ ਊਰਜਾ, ਏਕਤਾ ਅਤੇ ਰਾਸ਼ਟਰ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ। ਉਨ੍ਹਾਂ ਹਾਜ਼ਰ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹੋਏ ਦੇਸ਼ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਦਾ ਸੰਕਲਪ ਲੈਣ।

ਵਿਧਾਇਕ ਵਿਨੋਦ ਭਯਾਨਾ ਨੇ ਪ੍ਰੋਗਰਾਮ ਵਿੱਚ ਮੌਜੂਦ ਨਾਗਰਿਕਾਂ ਨੂੰ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ, ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਨ, ਆਪਣੇ ਫਰਜ਼ਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਅਤੇ ਸਮਾਜ ਤੇ ਰਾਸ਼ਟਰ ਹਿੱਤ ਵਿੱਚ ਕੰਮ ਕਰਨ ਦੀ ਸਹੁੰ ਚੁਕਾਈ। ਹਾਜ਼ਰ ਲੋਕਾਂ ਨੇ ਸਮੂਹਿਕ ਤੌਰ 'ਤੇ ਸਹੁੰ ਚੁੱਕਦਿਆਂ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਆਪਣੀ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਦਾ ਸੰਕਲਪ ਲਿਆ।

ਸਭਾ ਤੋਂ ਬਾਅਦ ਸਨਾਤਨ ਧਰਮ ਮਹਿਲਾ ਮਹਾਵਿਦਿਆਲਿਆ ਤੋਂ ਸੇਵਾ ਜੋਤੀ ਯਾਤਰਾ ਦੀ ਸ਼ੁਰੂਆਤ ਹੋਈ। ਵਿਧਾਇਕ ਵਿਨੋਦ ਭਯਾਨਾ ਦੀ ਅਗਵਾਈ ਹੇਠ ਕੱਢੀ ਗਈ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ, ਨਾਗਰਿਕਾਂ, ਵਰਕਰਾਂ ਅਤੇ ਪਤਵੰਤੇ ਲੋਕਾਂ ਨੇ ਹਿੱਸਾ ਲਿਆ। ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ ਤੋਂ ਲੰਘਣ ਦੌਰਾਨ ਥਾਂ-ਥਾਂ ਨਾਗਰਿਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਸਵਾਗਤ ਕੀਤਾ। ਯਾਤਰਾ ਵਿੱਚ ਸ਼ਾਮਲ ਲੋਕਾਂ ਨੇ 'ਭਾਰਤ ਮਾਤਾ ਕੀ ਜੈ' ਦੇ ਜੈਕਾਰੇ ਲਗਾਏ, ਜਿਸ ਨਾਲ ਪੂਰਾ ਸ਼ਹਿਰ ਦੇਸ਼ ਭਗਤੀ ਦੀ ਭਾਵਨਾ ਨਾਲ ਸਰਾਬੋਰ ਨਜ਼ਰ ਆਇਆ।

ਯਾਤਰਾ ਵੱਖ-ਵੱਖ ਪ੍ਰਮੁੱਖ ਮਾਰਗਾਂ ਤੋਂ ਹੁੰਦੀ ਹੋਈ ਕ੍ਰਾਂਤੀਕਾਰੀ ਚੌਕ ਦੇ ਨੇੜੇ ਪਹੁੰਚੀ। ਇੱਥੇ ਵਿਧਾਇਕ ਵਿਨੋਦ ਭਯਾਨਾ ਨੇ ਸੇਵਾ ਜੋਤੀ ਮਸ਼ਾਲ ਸਥਾਪਤ ਕੀਤੀ। ਇਸ ਮੌਕੇ ਹਾਜ਼ਰ ਲੋਕਾਂ ਨੇ ਸੇਵਾ, ਦੇਸ਼ ਭਗਤੀ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਦੇ ਸੰਕਲਪ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ।

ਸੇਵਾ ਜੋਤੀ ਯਾਤਰਾ ਦੌਰਾਨ ਸ਼ਹਿਰ ਵਾਸੀਆਂ ਵਿੱਚ ਖਾਸਾ ਉਤਸ਼ਾਹ ਦੇਖਣ ਨੂੰ ਮਿਲਿਆ।

# ਧੂਲਕੋਟ ਮਾਮਲਾ : ਜੱਗੀ ਭਰਾਵਾਂ ਦੀਆਂ ਅਗਾਊਂ ਜ਼ਮਾਨਤ ਅਰਜ਼ੀਆਂ ਖ਼ਾਰਜ

**ਪੈ.ਗ਼ਾਮ-ਏ-ਜਗਤ**
**ਅੰਬਾਲਾ, 7 ਅਕਤੂਬਰ (ਆਰ.ਸਿੰਘ)**

ਅੰਬਾਲਾ ਦੇ ਧੂਲਕੋਟ ਪਿੰਡ ਵਿੱਚ ਉਸਾਰੀ ਅਧੀਨ ਤਿੰਨ ਮੰਜ਼ਿਲਾ ਇਮਾਰਤ ਦੇ ਢਹਿਣ ਨਾਲ ਹੋਈ 7 ਮਜ਼ਦੂਰਾਂ ਦੀ ਮੌਤ ਦੇ ਮਾਮਲੇ ਵਿਚ ਸਖ਼ਤ ਰੁਖ਼ ਅਪਣਾਉਂਦਿਆਂ ਅੰਬਾਲਾ ਦੇ ਵਧੀਕ ਸੈਸ਼ਨ ਜੱਜ ਹਿਤੇਸ਼ ਗਰਗ ਨੇ ਨਾਮਜ਼ਦ ਮੁਲਜ਼ਮਾਂ ਹਰਦੀਪ ਸਿੰਘ ਜੱਗੀ, ਸਰਬਜੋਤ ਸਿੰਘ ਅਤੇ ਸਿਮਰਜੋਤ ਸਿੰਘ ਦੀਆਂ ਅਗਾਊਂ ਜ਼ਮਾਨਤ ਅਰਜ਼ੀਆਂ ਨੂੰ ਖ਼ਾਰਜ ਕਰ ਦਿੱਤਾ ਹੈ।

ਅਦਾਲਤ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਕਿ ਅਗਾਊਂ ਜ਼ਮਾਨਤ ਨੂੰ ਗੰਭੀਰ ਅਪਰਾਧਾਂ ਅਤੇ ਹਾਦਸਿਆਂ ਵਿੱਚ ਅਧਿਕਾਰ ਵਜੋਂ ਨਹੀਂ ਦੇਖਿਆ ਜਾ ਸਕਦਾ ਜਿਨ੍ਹਾਂ ਵਿੱਚ ਮਨੁੱਖੀ ਜਾਨਾਂ ਜਾਂਦੀਆਂ ਹਨ। ਇਸ ਫ਼ੈਸਲੇ ਨਾਲ ਮੁਲਜ਼ਮਾਂ ਨੂੰ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ।

ਸੁਣਵਾਈ ਦੌਰਾਨ ਪਟੀਸ਼ਨਕਰਤਾਵਾਂ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਮੁਵੱਕਲਾਂ ਦਾ ਇਮਾਰਤ ਦੀ ਉਸਾਰੀ ਜਾਂ ਮਾਲਕੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਸ ਨੇ ਪੁਲੀਸ ਵੱਲੋਂ ਪੇਸ਼ ਕੀਤੀ ਗਈ ਕਾਲ ਡਿਟੇਲ ਅਤੇ ਇੱਟਾਂ ਦੀ ਖ਼ਰੀਦ ਨੂੰ ਨਾਕਾਫ਼ੀ ਦੱਸਿਆ। ਸਰਕਾਰੀ ਵਕੀਲ ਨੇ ਇਸ ਦਾ ਵਿਰੋਧ ਕੀਤਾ ਅਤੇ ਐਸਆਈਟੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੂੰ ਦੱਸਿਆ ਕਿ ਜਾਂਚ ਦੌਰਾਨ ਬਹੁਤ ਸਾਰੇ ਸਬੂਤ, ਗਵਾਹਾਂ ਦੇ ਬਿਆਨ ਅਤੇ ਇਲੈਕਟ੍ਰਾਨਿਕ ਸਬੂਤ ਮਿਲੇ ਹਨ ਜੋ ਉਸਾਰੀ ਵਿੱਚ ਦੋਸ਼ੀ ਦੀ ਸ਼ਮੂਲੀਅਤ ਨੂੰ ਸਿੱਧੇ ਤੌਰ 'ਤੇ ਉਜਾਗਰ ਕਰਦੇ ਹਨ। ਆਪਣੇ ਹੁਕਮ ਵਿੱਚ ਅਦਾਲਤ ਨੇ ਸੁਪਰੀਮ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕਈ ਮਹੱਤਵਪੂਰਨ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਗ੍ਰਿਫ਼ਤਾਰੀਆਂ ਜਾਂਚ ਪ੍ਰਕਿਰਿਆ ਦਾ ਇੱਕ ਜ਼ਰੂਰੀ ਹਿੱਸਾ ਹਨ। ਅਦਾਲਤ ਨੇ ਐਸਆਈਟੀ ਨੂੰ ਇਸ ਗੈਰ-ਕਾਨੂੰਨੀ ਉਸਾਰੀ ਨੂੰ ਨਜ਼ਰਅੰਦਾਜ਼ ਕਰਨ ਵਾਲੇ ਸਬੰਧਿਤ ਅਧਿਕਾਰੀਆਂ ਅਤੇ ਰੈਗੂਲੇਟਰੀ ਏਜੰਸੀਆਂ ਦੀ ਭੂਮਿਕਾ ਦੀ ਜਾਂਚ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ। ਮਾਮਲੇ ਦੇ ਅਨੁਸਾਰ 27 ਸਤੰਬਰ 2026 ਨੂੰ ਦੁਪਹਿਰ 3 ਵਜੇ ਦੇ ਕਰੀਬ, ਧੂਲਕੋਟ ਪਿੰਡ ਵਿੱਚ ਨਿਰਮਾਣ ਅਧੀਨ ਇੱਕ ਤਿੰਨ ਮੰਜ਼ਿਲਾ ਇਮਾਰਤ ਅਚਾਨਕ ਢਹਿ ਗਈ। ਇਸ ਭਿਆਨਕ ਹਾਦਸੇ ਵਿੱਚ ਸਾਈਟ 'ਤੇ ਕੰਮ ਕਰ ਰਹੇ ਸੱਤ ਮਜ਼ਦੂਰਾਂ ਦੀ ਦੁਖਦਾਈ ਮੌਤ ਹੋ ਗਈ ਸੀ ਜਦੋਂ ਕਿ ਕਈ ਹੋਰ ਗੰਭੀਰ ਜ਼ਖ਼ਮੀ ਹੋ ਗਏ।

- ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਗੰਭੀਰ ਨੋਟਿਸ

ਵਿਸ਼ੇਸ਼ ਜਾਂਚ ਟੀਮ ਦੀ ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਪੂਰੀ ਇਮਾਰਤ ਬਿਨਾਂ ਮਨਜ਼ੂਰਸ਼ੁਦਾ ਯੋਜਨਾਵਾਂ ਜਾਂ ਇਜਾਜ਼ਤ ਦੇ ਇੱਕ ਅਣਅਧਿਕਾਰਤ ਖੇਤਰ ਵਿੱਚ ਬਣਾਈ ਜਾ ਰਹੀ ਸੀ। ਅੰਬਾਲਾ ਸ਼ਹਿਰ ਦੀ ਨਗਰ ਨਿਗਮ ਦੀ ਰਿਪੋਰਟ ਨੇ ਵੀ ਪੁਸ਼ਟੀ ਕੀਤੀ ਹੈ ਕਿ ਉਸਾਰੀ ਵਾਲੀ ਥਾਂ ਪੂਰੀ ਤਰ੍ਹਾਂ ਗੈਰ-ਕਾਨੂੰਨੀ ਜ਼ੋਨ ਦੇ ਅੰਦਰ ਸੀ। ਜਾਂਚ ਏਜੰਸੀਆਂ ਗੈਰ-ਕਾਨੂੰਨੀ ਉਸਾਰੀ ਅਤੇ ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਦੇ ਸਬੰਧ ਵਿੱਚ ਅਗਲੇਰੀ ਕਾਰਵਾਈ ਕਰ ਰਹੀਆਂ ਹਨ। ਮ੍ਰਿਤਕ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਵੀ ਜਾਰੀ ਹੈ।

ਮਨੁੱਖੀ ਅਧਿਕਾਰ ਕਮਿਸ਼ਨ ਦਾ ਦਖ਼ਲ

ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਧੂਲਕੋਟ ਵਿੱਚ ਉਸਾਰੀ ਅਧੀਨ ਇਮਾਰਤ ਦੇ ਢਹਿਣ ਅਤੇ 7 ਮਜ਼ਦੂਰਾਂ ਦੀ ਮੌਤ ਤੇ 12 ਦੇ ਜ਼ਖ਼ਮੀ ਹੋਣ ਦਾ ਨੋਟਿਸ ਲਿਆ ਹੈ। ਕਮਿਸ਼ਨ ਨੇ ਡਿਪਟੀ ਕਮਿਸ਼ਨਰ, ਐਸ.ਪੀ ਅਤੇ ਨਗਰ ਨਿਗਮ ਕਮਿਸ਼ਨਰ ਤੋਂ ਵਿਸਤਰਿਤ ਰਿਪੋਰਟ ਮੰਗੀ ਹੈ। ਸ਼ਿਕਾਇਤਕਰਤਾ ਅਮਰਦੀਪ ਸਿੰਘ ਭਾਟੀਆ ਦੁਆਰਾ ਕਮਿਸ਼ਨ ਦੇ ਸਾਹਮਣੇ ਉਠਾਈਆਂ ਗਈਆਂ ਗੰਭੀਰ ਚਿੰਤਾਵਾਂ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਇਮਾਰਤ ਨਿਯਮਾਂ ਦੀ ਉਲੰਘਣਾ ਕਰਕੇ ਬਣਾਈ ਜਾ ਰਹੀ ਸੀ। ਇਹ ਹਾਦਸਾ ਸੁਰੱਖਿਆ ਮਾਪਦੰਡਾਂ ਦੀ ਘੋਰ ਲਾਪਰਵਾਹੀ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਹਰਿਆਣਾ ਮਨੁੱਖੀ ਅਧਿਕਾਰ ਕਮਿਸ਼ਨ ਦੇ ਨਿਆਂਇਕ ਮੈਂਬਰ ਕੁਲਦੀਪ ਜੈਨ ਨੇ ਇਸ ਮਾਮਲੇ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਕਮਿਸ਼ਨ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਹਾਦਸੇ ਵਿੱਚ ਮਾਰੇ ਗਏ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਸਹੀ ਗਿਣਤੀ, ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਿੱਤੀ ਗਈ ਰਾਹਤ ਅਤੇ ਮੁਆਵਜ਼ਾ, ਅਤੇ ਪ੍ਰਸ਼ਾਸਕੀ ਜਾਂ ਮੈਜਿਸਟ੍ਰੇਟ ਜਾਂਚ ਦੇ ਨਤੀਜਿਆਂ ਬਾਰੇ ਰਿਪੋਰਟ ਮੰਗੀ ਹੈ। ਨਗਰ ਨਿਗਮ ਕਮਿਸ਼ਨਰ ਨੂੰ ਪ੍ਰਵਾਨਿਤ ਨਕਸ਼ੇ, ਐਨਓਸੀ, ਨਿਰਮਾਣ ਪਰਮਿਟ ਅਤੇ ਪਿਛਲੇ ਨਿਰੀਖਣਾਂ ਜਾਂ ਨੋਟਿਸਾਂ ਨਾਲ ਸਬੰਧਿਤ ਪੂਰੇ ਰਿਕਾਰਡ ਦੀਆਂ ਕਾਪੀਆਂ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਪੁਲਿਸ ਸੁਪਰਡੈਂਟ ਨੂੰ ਦਰਜ ਕੀਤੀ ਗਈ ਐਫਆਈਆਰ, ਲਗਾਈਆਂ ਗਈਆਂ ਧਾਰਾਵਾਂ, ਪੁਲਿਸ ਜਾਂਚ ਦੀ ਪ੍ਰਗਤੀ ਅਤੇ ਦੋਸ਼ੀ ਪਾਏ ਗਏ ਲੋਕਾਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਮਨੁੱਖੀ ਅਧਿਕਾਰ ਕਮਿਸ਼ਨ ਨੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਤਕਨੀਕੀ ਅਤੇ ਢਾਂਚਾਗਤ ਮਾਹਿਰ ਮੁਲਾਂਕਣ ਤੋਂ ਰਿਪੋਰਟ ਵੀ ਮੰਗੀ ਹੈ।

ਕਮਿਸ਼ਨ ਦੇ ਸਹਾਇਕ ਰਜਿਸਟਰਾਰ, ਡਾ. ਪੁਨੀਤ ਅਰੋੜਾ ਨੇ ਕਿਹਾ ਕਿ ਧੂਲਕੋਟ ਹਾਦਸਾ ਇੱਕ ਗੰਭੀਰ ਮਨੁੱਖੀ ਮੁੱਦਾ ਹੈ। ਇਸ ਤੋਂ ਇਲਾਵਾ ਇਹ ਉਸਾਰੀ ਸਥਾਨਾਂ 'ਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਅਤੇ ਸਮਰੱਥ ਅਧਿਕਾਰੀਆਂ ਦੁਆਰਾ ਨਿਗਰਾਨੀ ਪ੍ਰਣਾਲੀ ਬਾਰੇ ਗੰਭੀਰ ਸਵਾਲ ਉਠਾਉਂਦਾ ਹੈ।

# ਘਰ ਵਿੱਚ 'ਸੋਨੇ ਦੀ ਇੱਟ' ਦੱਬੀ ਹੋਣ ਦਾ ਦਾਅਵਾ ਕਰਕੇ 14.60 ਲੱਖ ਠੱਗਣ ਵਾਲੇ ਗਿਰੋਹ ਦਾ ਤੀਜਾ ਮੁੱਖ ਦੋਸ਼ੀ ਗ੍ਰਿਫ਼ਤਾਰ, ਨਕਦੀ ਬਰਾਮਦ

**ਪੈ.ਗ਼ਾਮ-ਏ-ਜਗਤ**
**ਅੰਬਾਲਾ, 7 ਅਕਤੂਬਰ (ਆਰ.ਸਿੰਘ)**

ਅੰਬਾਲਾ ਪੁਲੀਸ ਨੇ ਸ਼ਾਹਜ਼ਾਦਪੁਰ ਥਾਣੇ ਵਿਚ ਦਰਜ ਇਕ ਮਾਮਲੇ ਵਿਚ ਖ਼ਤਰਨਾਕ ਗਿਰੋਹ ਦਾ ਪਰਦਾਫਾਸ਼ ਕਰਦਿਆਂ ਤੀਜੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਗਿਰੋਹ ਨੇ ਇੱਕ ਯੋਜਨਾਬੱਧ ਸਾਜ਼ਿਸ਼ ਤਹਿਤ ਪੀੜਤਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸੋਨੇ ਅਤੇ ਚਾਂਦੀ ਦੀਆਂ ਇੱਟਾਂ ਦੱਬੀਆਂ ਹੋਣ ਦਾ ਝੂਠਾ ਦਾਅਵਾ ਕਰਕੇ 14.60 ਲੱਖ ਰੁਪਏ ਦੀ ਠੱਗੀ ਮਾਰੀ ਸੀ।



ਜਾਂਚ ਅਧਿਕਾਰੀ ਸਹਾਇਕ ਸਬ-ਇੰਸਪੈਕਟਰ ਨਰਾਇਣ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ, ਅਜੈ ਨਿਵਾਸੀ ਪਿੰਡ ਪਤਰੇਹੜੀ ਨੇ 19 ਮਾਰਚ, 2026 ਨੂੰ ਸ਼ਾਹਜ਼ਾਦਪੁਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ 13 ਅਗਸਤ, 2025 ਤੋਂ 23 ਅਗਸਤ, 2025 ਦੇ ਵਿਚਕਾਰ ਦੋਸ਼ੀ ਅਬਦੁਲ ਵਾਜਿਦ ਅਤੇ ਉਸ ਦੇ ਸਾਥੀਆਂ ਨੇ ਇੱਕ ਸਾਜ਼ਿਸ਼ ਰਚ ਕੇ ਪੀੜਤ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਉਸ ਦੇ ਘਰ ਵਿੱਚ ਸੋਨੇ ਅਤੇ ਚਾਂਦੀ ਦੀਆਂ ਇੱਟਾਂ ਦੱਬੀਆਂ ਹੋਈਆਂ ਹਨ ਅਤੇ ਇਸ ਧੋਖੇ ਦੀ ਵਰਤੋਂ ਕਰਕੇ, ਉਸ ਨੂੰ 14,60,000 ਰੁਪਏ ਦੀ ਵੱਡੀ ਰਕਮ ਦੀ ਠੱਗੀ ਮਾਰੀ।

ਸ਼ਿਕਾਇਤ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲੀਸ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਅਤੇ 25 ਜੂਨ, 2026 ਨੂੰ ਅਬਦੁਲ ਵਾਜਿਦ (ਨਿਵਾਸੀ ਦਾਰਪੁਰ, ਥਾਣਾ ਛਛਰੌਲੀ, ਜ਼ਿਲ੍ਹਾ ਯਮੁਨਾਨਗਰ) ਤੇ ਇੱਕ ਮਹਿਲਾ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ।

ਪੁੱਛ-ਗਿੱਛ ਦੌਰਾਨ ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਅਲੀ ਅਹਿਮਦ ਇਸ ਧੋਖਾਧੜੀ ਦੀ ਸਾਜ਼ਿਸ਼ ਦਾ ਮੁੱਖ ਦੋਸ਼ੀ ਹੈ। 6 ਅਕਤੂਬਰ, 2026 ਨੂੰ ਪੁਲੀਸ ਨੇ ਮੁੱਖ ਦੋਸ਼ੀ ਅਲੀ ਅਹਿਮਦ (ਨਿਵਾਸੀ ਪਿੰਡ ਦਹਰ, ਜ਼ਿਲ੍ਹਾ ਯਮੁਨਾਨਗਰ) ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮੁਲਜ਼ਮ ਤੋਂ 13,500 ਰੁਪਏ ਨਕਦ ਬਰਾਮਦ ਕੀਤੇ। ਪੁਲੀਸ ਮੁਲਜ਼ਮ ਨੂੰ ਰਿਮਾਂਡ 'ਤੇ ਲੈ ਕੇ ਧੋਖਾਧੜੀ ਨਾਲ ਸਬੰਧਿਤ ਹੋਰ ਮਹੱਤਵਪੂਰਨ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀ ਦਾ ਕਹਿਣਾ ਹੈ ਕਿ ਮਾਮਲੇ ਵਿੱਚ ਸ਼ਾਮਲ ਦੂਜੇ ਫਰਾਰ ਮੁਲਜ਼ਮ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਏ ਜਾਣਗੇ ਅਤੇ ਧੋਖਾਧੜੀ ਦੀ ਬਾਕੀ ਰਕਮ ਵੀ ਬਰਾਮਦ ਕਰ ਲਈ ਜਾਵੇਗੀ।

# 'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਪਰਮਿੰਦਰ ਸਿੰਘ ਗੋਲਡੀ ਵੱਲੋਂ ਖਰੜ ਹਲਕੇ ਦੇ 247 ਪਰਿਵਾਰਾਂ ਨੂੰ ਮਾਲਕੀ ਹੱਕ

**ਖਰੜ, 7 ਅਕਤੂਬਰ (ਪੈ.ਗ਼ਾਮ-ਏ-ਜਗਤ)**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮਹੱਤਵਪੂਰਨ ਜਨਹਿਤੈਸ਼ੀ ਯੋਜਨਾ 'ਮੇਰਾ ਘਰ ਮੇਰੇ ਨਾਮ' ਤਹਿਤ ਖਰੜ ਹਲਕੇ ਦੇ ਤਿੰਨ ਪਿੰਡਾਂ ਦੇ ਕੁੱਲ 247 ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਨਾਲ ਸਬੰਧਤ ਮਾਲਕੀ ਹੱਕ ਦੇ ਦਸਤਾਵੇਜ਼ ਸੌਂਪੇ ਗਏ। ਇਸ ਮੌਕੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਵੱਲੋਂ ਲਾਭਪਾਤਰੀ ਪਰਿਵਾਰਾਂ ਨੂੰ ਰਜਿਸਟਰੀਆਂ ਅਤੇ ਮਾਲਕੀ ਹੱਕ ਸਬੰਧੀ ਦਸਤਾਵੇਜ਼ ਪ੍ਰਦਾਨ ਕੀਤੇ ਗਏ। ਇਸ ਯੋਜਨਾ ਤਹਿਤ ਪਿੰਡ ਤੋਲੇ ਮਾਜਰਾ ਦੇ 84 ਪਰਿਵਾਰਾਂ ਅਤੇ ਬਲਾਕ ਮਾਜਰੀ ਦੇ ਪਿੰਡ ਮੁੰਧੋ ਭਾਗ ਸਿੰਘ ਦੇ 89 ਪਰਿਵਾਰਾਂ ਅਤੇ ਪਿੰਡ ਢਕੌਰਾ ਖੁਰਦ ਦੇ 74 ਪਰਿਵਾਰਾਂ ਨੂੰ ਮਾਲਕੀ ਹੱਕ ਨਾਲ ਸਬੰਧਤ ਦਸਤਾਵੇਜ਼ ਸੌਂਪੇ ਗਏ।



ਇਸ ਮੌਕੇ ਸ. ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ 'ਮੇਰਾ ਘਰ ਮੇਰੇ ਨਾਮ' ਯੋਜਨਾ ਰਾਹੀਂ ਲਾਲ ਡੋਰੇ (ਆਬਾਦੀ ਦੇਹ) ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੀ ਜਾਇਦਾਦ ਦੇ ਪੱਕੇ ਮਾਲਕੀ ਹੱਕ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲਕੀ ਹੱਕ ਮਿਲਣ ਨਾਲ ਪਰਿਵਾਰਾਂ ਨੂੰ ਆਪਣੀ ਜਾਇਦਾਦ ਸਬੰਧੀ ਕਾਨੂੰਨੀ ਸੁਰੱਖਿਆ ਮਿਲੇਗੀ ਅਤੇ ਉਹ ਆਪਣੀ ਸੰਪਤੀ ਦੀ ਵਰਤੋਂ ਬੈਂਕ ਲੋਨ ਜਾਂ ਹੋਰ ਵਿੱਤੀ ਸਹੂਲਤਾਂ ਪ੍ਰਾਪਤ ਕਰਨ ਲਈ ਵੀ ਕਰ ਸਕਣਗੇ। ਸ. ਗੋਲਡੀ ਨੇ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣਾ ਅਤੇ ਪਿੰਡਾਂ ਦੇ ਵਸਨੀਕਾਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਨਾ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮਾਲਕੀ ਹੱਕ ਸਬੰਧੀ ਦਸਤਾਵੇਜ਼ ਮਿਲਣ ਨਾਲ ਇਨ੍ਹਾਂ ਪਰਿਵਾਰਾਂ ਨੂੰ ਆਪਣੀ ਜਾਇਦਾਦ ਸਬੰਧੀ ਭਵਿੱਖ ਵਿੱਚ ਹੋਰ ਸਹੂਲਤਾਂ ਪ੍ਰਾਪਤ ਕਰਨ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਉਨ੍ਹਾਂ ਦੇ ਹੱਕ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਪਿੰਡਾਂ ਵਿੱਚ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੀ ਜਾਇਦਾਦ ਦੇ ਮਾਲਕੀ ਹੱਕ ਦੇ ਕੇ ਉਨ੍ਹਾਂ ਨੂੰ ਹੋਰ ਮਜ਼ਬੂਤ ਅਤੇ ਆਤਮਨਿਰਭਰ ਬਣਾਉਣਾ ਹੈ। ਇਸ ਮੌਕੇ ਤਹਿਸੀਲਦਾਰ ਹਰਮਿੰਦਰ ਸਿੰਘ ਘੋਲੀਆ ਸਮੇਤ ਦਫ਼ਤਰੀ ਸਟਾਫ਼, ਬਲਾਕ ਸਮਿਤੀ ਖਰੜ ਦੇ ਚੇਅਰਮੈਨ ਸ. ਰਘੁਬੀਰ ਸਿੰਘ ਮੋਦੀ, ਗੁਰਸ਼ਰਨ ਸਿੰਘ, ਹਲਕਾ ਸੰਗਠਨ ਇੰਚਾਰਜ, ਹਰਿੰਦਰ ਸਿੰਘ, ਸ਼ਰਨਜੀਤ ਕੌਰ ਅਤੇ ਮੁੰਧੋ ਭਾਗ ਸਿੰਘ ਦੇ ਸਰਪੰਚ ਸ. ਰਘੁਬੀਰ ਸਿੰਘ ਤੋਂ ਇਲਾਵਾ ਪਿੰਡਾਂ ਦੇ ਮੋਹਤਬਰ ਸੱਜਣਾਂ, ਸਥਾਨਕ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



# ਖਰੜ ਵਿਖੇ ਸ੍ਰੀ ਰਾਮ ਲੀਲਾ ਦਾ ਮੰਚਨ 9 ਅਕਤੂਬਰ ਤੋਂ

**ਐਸ.ਏ.ਐਸ. ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਸ਼੍ਰੀ ਰਾਮਲੀਲਾ ਡਰਾਮਾਟਿਕ ਕਲੱਬ ਖਰੜ ਵਲੋਂ ਸ੍ਰੀ ਰਾਮ ਲੀਲਾ ਦਾ ਮੰਚਨ 9 ਅਕਤੂਬਰ ਤੋਂ ਕੀਤਾ ਜਾਵੇਗਾ। ਕਲੱਬ ਦੇ ਪ੍ਰਧਾਨ ਸ਼ਿਵ ਚਰਨ ਪਿੰਕੀ ਨੇ ਦੱਸਿਆ ਕਿ ਪਹਿਲੇ ਦਿਨ ਮੰਚਨ ਦਾ ਉਦਘਾਟਨ ਪੰਜਾਬ ਕਿਸਾਨ ਕਾਂਗਰਸ ਦੇ ਜਨਰਲ ਸਕੱਤਰ ਸ੍ਰ. ਗੁਰਪ੍ਰਤਾਪ ਸਿੰਘ ਪਡਿਆਲਾ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਸਰਵਨ ਕੁਮਾਰ ਦਾ ਸੀਨ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਵਰਿੰਦਰ ਭਾਮਾ, ਜਰਨਲ ਸਕੱਤਰ ਯੋਗੇਸ਼ ਕਪਿਲ, ਖਜਾਨਚੀ ਹਰਗੋਪਾਲ ਵਰਮਾ, ਡਾਇਰੈਕਟਰ ਪ੍ਰਵੀਨ ਕਰਵਲ, ਸਟੋਰ ਇੰਚਾਰਜ ਸਰਬਜੀਤ ਵਿੱਕੀ, ਸਕੱਤਰ ਸ਼ਾਮ ਸੁੰਦਰ ਹਾਜਰ ਸਨ।

# ਸੱਚ ਸਾਹਮਣੇ ਆਉਣ ਤੋਂ ਘਬਰਾ ਕਿਉਂ ਰਹੀ ਹੈ ਆਪ ਸਰਕਾਰ : ਬੀਬੀ ਅਮਨਜੋਤ ਕੌਰ ਰਾਮੂਵਾਲੀਆ

**ਐਸ ਏ ਐਸ ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਹੈ ਕਿ ਪੰਜਾਬ ਵਿੱਚ ਸਾਹਮਣੇ ਆਏ ਕਥਿਤ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲੇ ਦੀ ਸੀਬੀਆਈ ਜਾਂਚ ਨੂੰ ਸਿਆਸੀ ਬਦਲੇ ਦੀ ਕਾਰਵਾਈ ਦੱਸ ਕੇ ਅਸਲ ਸਵਾਲਾਂ ਤੋਂ ਨਹੀਂ ਭੱਜਿਆ ਜਾ ਸਕਦਾ।

ਇੱਥੇ ਜਾਰੀ ਬਿਆਨ ਵਿੱਚ ਉਹਨਾਂ ਕਿਹਾ ਕਿ ਜਦੋਂ ਕਿਸੇ ਮਾਮਲੇ ਵਿੱਚ ਅਦਾਲਤ ਖੁਦ ਜਾਂਚ ਦੇ ਹੁਕਮ ਦਿੰਦੀ ਹੈ ਤਾਂ ਉਸ ਨੂੰ ਸਿਆਸੀ ਸਾਜ਼ਿਸ਼ ਕਹਿਣ ਦੀ ਬਜਾਏ ਅਦਾਲਤੀ ਹੁਕਮ ਦਾ ਸਤਿਕਾਰ ਕਰਦਿਆਂ ਨਿਰਪੱਖ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਸਾਹਮਣੇ ਆ ਰਹੇ ਦੋਸ਼ ਅਤੇ ਰਿਕਾਰਡ ਵਿੱਚ ਦਰਜ ਸਮੱਗਰੀ ਬੇਬੁਨਿਆਦ ਹੈ ਤਾਂ ਫਿਰ ਸਰਕਾਰ ਨਿਰਪੱਖ ਜਾਂਚ ਤੋਂ ਕਿਉਂ ਘਬਰਾ ਰਹੀ ਹੈ। ਉਹਨਾਂ ਕਿਹਾ ਕਿ ਜਾਂਚ ਕਿਸੇ ਵਿਅਕਤੀ ਨੂੰ ਪਹਿਲਾਂ ਹੀ ਦੋਸ਼ੀ ਸਾਬਤ ਕਰਨ ਲਈ ਨਹੀਂ, ਸਗੋਂ ਤੱਥਾਂ ਦੀ ਸੱਚਾਈ ਸਾਹਮਣੇ ਲਿਆਉਣ ਲਈ ਹੁੰਦੀ ਹੈ।



ਉਹਨਾਂ ਕਿਹਾ ਕਿ ਹਾਈਕੋਰਟ ਦੇ ਰਿਕਾਰਡ ਵਿੱਚ ਜਾਂਚ ਏਜੰਸੀ ਵੱਲੋਂ ਇਕੱਠੀ ਕੀਤੀ ਗਈ ਸਮੱਗਰੀ, ਕਥਿਤ ਬਿਆਨਾਂ ਅਤੇ ਵ੍ਹਟਸਐਪ ਗੱਲਬਾਤ ਨਾਲ ਸਬੰਧਤ ਜਾਣਕਾਰੀ ਦਾ ਜ਼ਿਕਰ ਹੋਣ ਦੀ ਗੱਲ ਸਾਹਮਣੇ ਆਈ ਹੈ। ਇਸ ਵਿੱਚ ਸਰਕਾਰੀ ਕੰਮਾਂ, ਤਬਾਦਲਿਆਂ ਅਤੇ ਪੋਸਟਿੰਗਾਂ ਨਾਲ ਜੁੜੀਆਂ ਕਥਿਤ ਗਤੀਵਿਧੀਆਂ ਦਾ ਵੀ ਜ਼ਿਕਰ ਹੈ। ਇਹਨਾਂ ਦਾਅਵਿਆਂ ਦੀ ਸੱਚਾਈ ਜਾਂ ਝੂਠ ਦਾ ਫੈਸਲਾ ਸਿਆਸੀ ਬਿਆਨਾਂ ਨਾਲ ਨਹੀਂ, ਬਲਕਿ ਨਿਰਪੱਖ ਜਾਂਚ ਨਾਲ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕਿਸੇ ਵਿਅਕਤੀ ਨੂੰ ਦੋਸ਼ੀ ਐਲਾਨ ਨਹੀਂ ਕਰ ਰਹੀ। ਭਾਜਪਾ ਦਾ ਸਵਾਲ ਸਿਰਫ਼ ਇਹ ਹੈ ਕਿ ਜਦੋਂ ਕਿਸੇ ਮਾਮਲੇ ਵਿੱਚ ਗੰਭੀਰ ਤੱਥ ਅਦਾਲਤੀ ਰਿਕਾਰਡ ਤੱਕ ਪਹੁੰਚ ਚੁੱਕੇ ਹਨ ਤਾਂ ਉਨ੍ਹਾਂ ਦੀ ਨਿਰਪੱਖ ਜਾਂਚ ਹੋਣ ਤੋਂ ਇਤਰਾਜ਼ ਕਿਉਂ ਹੈ? ਜੇਕਰ ਸਾਰੇ ਦੋਸ਼ ਝੂਠੇ ਹਨ ਤਾਂ ਜਾਂਚ ਵੀ ਉਨ੍ਹਾਂ ਨੂੰ ਝੂਠਾ ਸਾਬਤ ਕਰ ਦੇਵੇਗੀ।

ਬੀਬੀ ਰਾਮੂਵਾਲੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਸੀ ਬੀ ਆਈ ਜਾਂਚ ਨੂੰ ਆਉਣ ਵਾਲੀਆਂ ਚੋਣਾਂ ਨਾਲ ਜੋੜਨਾ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਭਟਕਾਉਣ ਦੀ ਕੋਸ਼ਿਸ਼ ਹੈ। ਜਾਂਚ ਦਾ ਫੈਸਲਾ ਚੋਣਾਂ ਨਹੀਂ, ਤੱਥ ਕਰਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਰਕਾਰ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦਾ ਫ਼ਤਵਾ ਦਿੱਤਾ ਹੈ। ਇਸ ਲਈ ਜਿੱਥੇ ਵੀ ਸਰਕਾਰੀ ਅਹੁਦਿਆਂ, ਤਬਾਦਲਿਆਂ, ਪੋਸਟਿੰਗਾਂ ਜਾਂ ਸਰਕਾਰੀ ਕੰਮਾਂ ਨਾਲ ਜੁੜੇ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਸ਼ੱਕ ਸਾਹਮਣੇ ਆਉਂਦੇ ਹਨ, ਉੱਥੇ ਪਰਦੇ ਪਾਉਣ ਦੀ ਨਹੀਂ, ਸੱਚ ਸਾਹਮਣੇ ਲਿਆਉਣ ਦੀ ਲੋੜ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ਼ ਕਰਮਚਾਰੀਆਂ ਦੀ ਹਮਾਇਤ ਵਿੱਚ ਗੇਟ ਮੀਟਿੰਗ

**ਐਸ ਏ ਐਸ ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਸੀਟੂ ਦੀ ਅਗਵਾਈ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ ਕਰਮਚਾਰੀਆਂ ਦੀ ਹਮਾਇਤ ਵਿੱਚ ਗੇਟ ਮੀਟਿੰਗ ਕੀਤੀ ਗਈ। ਜਿਸ ਵਿੱਚ ਭਰਾਤਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਗੇਟ ਮੀਟਿੰਗ ਦੌਰਾਨ ਸਿਖਿਆ ਬੋਰਡ ਮੈਨੇਜਮੈਂਟ ਵਲੋਂ ਸੀਟੂ ਨੂੰ ਪ੍ਰਾਪਤ ਹੋਈ ਚਿੱਠੀ ਦੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਬੋਰਡ ਮੈਨੇਜਮੈਂਟ ਵੱਲੋਂ ਇਹ ਸੂਚਨਾ ਦਿੱਤੀ ਗਈ ਹੈ ਕਿ ਬੋਰਡ ਦੇ ਡੇਲੀਵੇਜ ਕਰਮਚਾਰੀਆਂ ਦੀ ਹਾਜਰੀ ਲਗਵਾਈ ਜਾ ਰਹੀ ਹੈ ਅਤੇ ਇਹਨਾਂ ਨੂੰ 07-10-22 ਦੀ ਪਾਲਿਸੀ ਦੀ ਰੈਗੂਲਰ ਕਰਨ ਲਈ ਵਿਚਾਰਿਆ ਜਾ ਰਿਹਾ ਹੈ।



ਮੀਟਿੰਗ ਦੌਰਾਨ ਦੱਸਿਆ ਗਿਆ ਕਿ ਸੀਟੂ ਵਲੋਂ ਇਸ ਦੇ ਜਵਾਬ ਵਿੱਚ ਬੋਰਡ ਮੈਨੇਜਮੈਂਟ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਹਨਾਂ ਕਰਮਚਾਰੀਆਂ ਦੀ ਹਾਜਰੀ ਮਿਤੀ 24.09.2026 ਤੋਂ ਨਹੀਂ ਲਗਾਈ ਗਈ ਬਲਕਿ 1 ਅਕਤੂਬਰ ਤੋਂ ਲਗਾਵਾਈ ਗਈ ਹੈ ਅਤੇ ਇਹਨਾਂ ਕਰਮਚਾਰੀਆਂ ਨੂੰ ਉਹਨਾਂ ਦੀਆਂ ਪਹਿਲਾਂ ਵਾਲੀਆਂ ਥਾਵਾਂ ਤੇ ਨਹੀਂ ਤੈਨਾਤ ਕੀਤਾ ਗਿਆ ਸਗੋਂ ਵੱਖ-ਵੱਖ ਗਰੁੱਪਾਂ ਵਿੱਚ ਵੰਡ ਕੇ ਲਿਫਟਾਂ, ਬਿਜਲੀ, ਰਿਹਾਇਸ਼ੀ ਕਲੋਨੀ ਆਦਿ ਥਾਵਾਂ ਤੇ ਜੁਬਾਨੀ ਹੁਕਮਾਂ ਰਾਹੀਂ ਭੇਜਿਆ ਜਾ ਰਿਹਾ ਹੈ।

ਸੀਟੂ ਨੇ ਮੰਗ ਕੀਤੀ ਹੈ ਕਿ ਇਹਨਾਂ ਨੂੰ ਪਹਿਲਾਂ ਵਾਲੀਆਂ ਥਾਵਾਂ ਤੇ ਤੈਨਾਤ ਕੀਤਾ ਜਾਵੇ ਅਤੇ 24 ਸਤੰਬਰ ਤੋਂ ਪਹਿਲਾਂ ਦੀ ਤਰ੍ਹਾਂ ਹਾਜਰੀ ਲਗਾਈ ਜਾਵੇ। ਇਹ ਵੀ ਕਿਹਾ ਗਿਆ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਕੰਮ ਪਹਿਲਾਂ ਹੀ ਬਹੁਤ ਲੇਟ ਹੋ ਚੁੱਕਾ ਹੈ ਅਤੇ 4 ਸਾਲਾਂ ਤੋਂ ਕਮੇਟੀਆਂ ਦੇ ਚੱਕਰ ਵਿੱਚ ਪਾ ਕੇ ਇਹਨਾਂ ਕੰਮ ਲਟਕਾਇਆ ਹੋਇਆ ਹੈ। ਪੱਤਰ ਵਿੱਚ ਬੋਰਡ ਮੈਨੇਜਮੈਂਟ ਨੂੰ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਜੇਕਰ ਇਹ ਕੰਮ ਸਮਾਂਬਧ ਤਰੀਕੇ ਨਾਲ ਨਾ ਕਰਵਾਇਆ ਗਿਆ ਤੇ ਹਾਜਰੀ ਪਹਿਲਾਂ ਦੀ ਤਰ੍ਹਾਂ ਨਾ ਲਗਾਈ ਗਈ ਤਾਂ ਸੀਟੂ ਦੀ ਅਗਵਾਈ ਵਿੱਚ ਡੇਲੀਵੇਜ ਕਾਮੇ ਮਿਤੀ 14 ਅਕਤੂਬਰ ਨੂੰ ਜਿਲ੍ਹਾ ਪੱਧਰੀ ਸੰਕੇਤਕ ਧਰਨਾ ਦੇਣਗੇ।

ਗੇਟ ਮੀਟਿੰਗ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਡੇਵੀਵੇਜ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ, ਜਰਨਲ ਸਕੱਤਰ ਇੰਦਰਜੀਤ ਸਿੰਘ, ਸੀਟੂ ਦੇ ਪ੍ਰਧਾਨ ਗੁਰਦੀਪ ਸਿੰਘ, ਜਨਰਲ ਸਕੱਤਰ ਹਰਕੇਸ਼ ਰਾਣਾ ਅਤੇ ਰਣਜੋਧ ਸਿੰਘ ਡੀ. ਪੀ. ਆਈ. ਯੂਨੀਅਨ ਅਤੇ ਗੁਰਮੇਲ ਸਿੰਘ ਮੋਜੋਵਾਲ ਜਨਰਲ ਸਕੱਤਰ ਰਿਟਾਇਡ ਇੰਪਲਾਈਜ ਐਸੋਸੀਏਸ਼ਨ ਨੇ ਸੰਬੋਧਨ ਕੀਤਾ। ਰੈਲੀ ਨੂੰ ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜਿਲਾ ਪ੍ਰਧਾਨ ਕਿਰਪਾਲ ਸਿੰਘ ਸਿਆਉ, ਸੂਬਾ ਸਕੱਤਰ ਪਰਮਦੀਪ ਸਿੰਘ ਬੈਦਵਾਣ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਮੁੱਖ ਬੁਲਾਰੇ ਕਮਲ ਲਾਂਡਰਾਂ, ਬੋਰਡ ਕਾਰਪੋਰੇਸਨ ਮਹਾਂਸੰਘ ਦੇ ਪ੍ਰਧਾਨ ਤਾਰਾ ਸਿੰਘ, ਪੀ ਐਸ ਆਈ. ਈ. ਸੀ ਦੇ ਮੀਤ ਪ੍ਰਧਾਨ ਬਲਵੰਤ ਸਿੰਘ, ਸੀਟੂ ਆਗੂ ਸੀਨਾ ਮੁਹਾਲੀ ਤੇ ਸਟੀਫਨ ਪਠਾਨਕੋਟ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਅਮਰ ਸਿੰਘ ਧਾਲੀਵਾਲ, ਬਹਾਦਰ ਸਿੰਘ, ਕੁਲਦੀਪ ਸਿੰਘ ਸੈਦਪੁਰ, ਸ੍ਰੀ ਮਤੀ ਨਰਿੰਦਰ ਕੌਰ, ਮਨਿੰਦਰ ਕੌਰ ਪ੍ਰੀਤੀ ਸ਼ਰਮਾ ਹੇਮਾ ਸੁਸ਼ਮਾ ਕੁਮਾਰੀ ਆਦਿ ਮਹਿਲਾ ਕਰਮਚਾਰੀ ਵੱਡੀ ਗਿਣਤੀ ਵਿੱਚ ਹਾਜਰ ਸਨ।

# ਆਪ ਆਗੂਆਂ ਨੇ ਸ਼ਹੀਦਾਂ ਦੀ ਧਰਤੀ ਖਟਕੜ ਕਲਾਂ ਸਹੁੰ ਖਾ ਰੱਜ ਕੇ ਕੀਤਾ ਭ੍ਰਿਸ਼ਟਾਚਾਰ : ਬਲਵਿੰਦਰ ਸਿੰਘ ਕੁੰਬੜਾ

**ਐਸ.ਏ.ਐਸ. ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਮਾਨਦਾਰੀ ਅਤੇ ਭ੍ਰਿਸ਼ਟਾਚਾਰ ਮੁਕਤ ਸਰਕਾਰ ਦੇ ਕੀਤੇ ਜਾ ਰਹੇ ਦਾਅਵਿਆਂ ਤੇ ਸਵਾਲ ਖੜ੍ਹੇ ਕਰਦਿਆਂ ਬਲਵਿੰਦਰ ਸਿੰਘ ਕੁੰਭੜਾ ਅਤੇ ਐਸ ਸੀਬੀਸੀ ਮੋਰਚੇ ਦੇ ਆਗੂਆਂ ਨੇ ਸਰਕਾਰ ਤੋਂ 'ਇਮਾਨਦਾਰੀ' ਵਾਲੇ ਬੋਰਡ ਉਤਾਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਹੁਣ ਈ ਡੀ ਦੀ ਕਾਰਵਾਈ, ਫਾਈਲਾਂ ਦੀ ਬਰਾਮਦਗੀ ਅਤੇ ਓ ਐਸ ਡੀ ਸਮੇਤ 6 ਵਿਅਕਤੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਐਫ ਆਈ ਆਰ ਦਰਜ ਹੋਣ ਤੋਂ ਬਾਅਦ ਕਥਿਤ 'ਇਮਾਨਦਾਰੀ' ਦੀ ਅਸਲੀਅਤ ਲੋਕਾਂ ਦੇ ਸਾਹਮਣੇ ਆ ਗਈ ਹੈ। ਉਨ੍ਹਾਂ ਕਿਹਾ ਕਿ ਜਿਸ ਇਮਾਨਦਾਰੀ ਦਾ ਸਰਕਾਰ ਵੱਲੋਂ ਡੰਕਾ ਵਜਾਇਆ ਜਾ ਰਿਹਾ ਹੈ, ਉਸ ਦੀ ਅਸਲੀ ਤਸਵੀਰ ਹੁਣ ਜਨਤਾ ਨੂੰ ਪਤਾ ਲੱਗ ਚੁੱਕੀ ਹੈ। ਇਸ ਲਈ ਜਾਂ ਤਾਂ ਸਰਕਾਰ ਖੁਦ ਇਮਾਨਦਾਰੀ ਵਾਲੇ ਬੋਰਡ ਉਤਾਰ ਦੇਵੇ ਜਾਂ ਫਿਰ ਈਡੀ ਨੂੰ ਆਪਣੀ ਕਾਰਵਾਈ ਅੱਗੇ ਵਧਾਉਣ ਦਿੱਤੀ ਜਾਵੇ ਆਗੂਆਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਕਰਨ ਵਾਲਾ ਵਿਅਕਤੀ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਸਬੰਧਤ ਹੋਵੇ, ਉਸ ਖ਼ਿਲਾਫ਼ ਨਿਰਪੱਖ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਇਸ ਮੌਕੇ ਕਰਮਜੀਤ ਕੁਰੜੀ, ਨੀਲਮ ਰਾਣੀ, ਹਰਮੇਕ ਮੌਲਾ, ਮਾਸਟਰ ਬਨਵਾਰੀ ਲਾਲ, ਬੱਬਲ ਚੋਪੜਾ, ਗੁਰਵਿੰਦਰ ਸਿੰਘ, ਪ੍ਰਦੀਪ ਕੁਮਾਰ ਅਤੇ ਰਾਜੂ ਸਮੇਤ ਹੋਰ ਆਗੂ ਮੌਜੂਦ ਰਹੇ।




## ਬਸਪਾ ਵਲੋਂ 9 ਅਕਤੂਬਰ ਨੂੰ ਕਾਂਸ਼ੀ ਰਾਮ ਦੇ ਪਰਿਨਿਰਵਾਣ ਦਿਵਸ ਮੌਕੇ ਚੰਡੀਗੜ੍ਹ ਵਿੱਚ ਕੀਤੀ ਜਾਵੇਗੀ ਚੰਡੀਗੜ੍ਹ ਸੰਭਾਲੋ ਸੰਕਲਪ ਰੈਲੀ

**ਚੰਡੀਗੜ੍ਹ, 7 ਅਕਤੂਬਰ (ਪੈ.ਗਾਮ-ਏ-ਜਗਤ)**

ਬਹੁਜਨ ਸਮਾਜ ਪਾਰਟੀ (ਯੂ.ਟੀ. ਚੰਡੀਗੜ੍ਹ) ਅਤੇ ਬਾਮਸੇਫ ਚੰਡੀਗੜ੍ਹ ਯੂਨਿਟ ਵੱਲੋਂ 9 ਅਕਤੂਬਰ ਨੂੰ ਸ਼੍ਰੀ ਕਾਂਸ਼ੀ ਰਾਮ ਦੇ ਪਰਿਨਿਰਵਾਣ ਦਿਵਸ ਦੇ ਮੌਕੇ 'ਚੰਡੀਗੜ੍ਹ ਸੰਭਾਲੋ ਸੰਕਲਪ ਰੈਲੀ' ਦਾ ਆਯੋਜਨ ਬਾਬਾ ਸਾਹਿਬ ਡਾ. ਅੰਬੇਡਕਰ ਸਟੇਡੀਅਮ, ਖੁੱਡਾ ਅਲੀ ਸ਼ੇਰ, ਚੰਡੀਗੜ੍ਹ ਵਿਖੇ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਆਯੋਜਕਾਂ ਦੇ ਬੁਲਾਰੇ ਨੇ ਦੱਸਿਆ ਕਿ ਰੈਲੀ ਵਿੱਚ ਸ਼੍ਰੀ ਰਾਮਜੀ ਗੌਤਮ, ਰਾਜ ਸਭਾ ਮੈਂਬਰ ਅਤੇ ਇੰਚਾਰਜ ਚੰਡੀਗੜ੍ਹ, ਪੰਜਾਬ, ਦਿੱਲੀ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰਾਖੰਡ ਅਤੇ ਮਹਾਰਾਸ਼ਟਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਅਤੇ ਪੰਜਾਬ ਬਸਪਾ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹਿਣਗੇ। ਪ੍ਰੋਗਰਾਮ ਦੀ ਪ੍ਰਧਾਨਗੀ ਬਸਪਾ ਚੰਡੀਗੜ੍ਹ ਲੋਕ ਸਭਾ ਇੰਚਾਰਜ ਸਰਦਾਰ ਸੁਰਿੰਦਰ ਸਿੰਘ ਖੁੱਡਾ ਕਰਨਗੇ। ਬੁਲਾਰੇ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਮਿਸ਼ਨਰੀ ਕਲਾਕਾਰ ਹਰਨਾਮ ਸਿੰਘ ਬਹਿਲਪੁਰੀ ਅਤੇ ਮਨਦੀਪ ਮਨੀ ਮਾਲਵਾ ਵੱਲੋਂ ਮਿਸ਼ਨਰੀ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਹਾਜ਼ਰ ਸੰਗਤ ਲਈ ਗੁਰੂ ਦਾ ਅਟੁੱਟ ਲੰਗਰ ਵੀ ਵਰਤਾਇਆ ਜਾਵੇਗਾ।

## ਸਪੈਸ਼ਲ ਆਫ਼ਸਰ ਨੇ ਮਹਿਲਾ ਅਤੇ ਵਿਕਾਸ ਵਿਭਾਗ ਅਤੇ ਖੇਡ ਵਿਭਾਗ ਦੀਆਂ ਸੀ.ਐੱਮ. ਵਿੰਡੋ, ਜਨਸੰਵਾਦ ਵਿੱਚ ਆਈਆਂ ਸਮੱਸਿਆਵਾਂ ਨੂੰ ਲੈ ਕੇ ਨੋਡਲ ਅਧਿਕਾਰੀਆਂ ਦੀ ਮੀਟਿੰਗ ਕੀਤੀ

*ਚੰਡੀਗੜ੍ਹ, 7 ਅਕਤੂਬਰ (ਪੈਗਾਮ-ਏ-ਜਗਤ)*

*ਹਰਿਆਣਾ ਦੇ ਮੁੱਖ ਮੰਤਰੀ ਦੇ ਸਪੈਸ਼ਲ ਆਫ਼ਸਰ (ਸ਼ਿਕਾਇਤ ਅਤੇ ਨਿਵਾਰਣ) ਸ੍ਰੀ ਭੋਪਾਲ ਸਿੰਘ ਖੱਦਰੀ ਨੇ ਮਹਿਲਾ ਅਤੇ ਵਿਕਾਸ ਵਿਭਾਗ ਅਤੇ ਖੇਡ ਵਿਭਾਗ ਦੀਆਂ ਸੀ.ਐੱਮ. ਵਿੰਡੋ ਅਤੇ ਜਨਸੰਵਾਦ ਵਿੱਚ ਆਈਆਂ ਸਮੱਸਿਆਵਾਂ ਨੂੰ ਲੈ ਕੇ ਨੋਡਲ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀ ਤਤਪਰਤਾ ਨਾਲ ਕੰਮ ਕਰਨ ਤਾਂ ਜੋ ਲੋਕਾਂ ਨੂੰ ਉਨ੍ਹਾਂ ਦਾ ਜਲਦੀ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਸੀ.ਐੱਮ. ਵਿੰਡੋ ਅਤੇ ਜਨਸੰਵਾਦ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਲੈ ਕੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਖੁਦ ਮਾਨੀਟਰਿੰਗ ਅਤੇ ਨਿਗਰਾਨੀ ਕਰ ਰਹੇ ਹਨ। ਇਸ ਲਈ ਅਧਿਕਾਰੀ ਅਜਿਹੀਆਂ ਸਮੱਸਿਆਵਾਂ ਪ੍ਰਤੀ ਗੰਭੀਰਤਾ ਨਾਲ ਕੰਮ ਕਰਨ ਅਤੇ ਉਨ੍ਹਾਂ ਦੀ ਏ.ਟੀ.ਆਰ. ਵੀ ਤੈਅ ਸਮੇਂ 'ਤੇ ਫ਼ਾਈਲ ਕਰਨਾ ਯਕੀਨੀ ਬਣਾਉਣ ਤਾਂ ਜੋ ਪੋਰਟਲ 'ਤੇ ਸਮੱਸਿਆ ਦਾ ਨਿਪਟਾਰਾ ਪੈਂਡਿੰਗ ਨਾ ਰਹੇ। ਖੇਡ ਵਿਭਾਗ ਦੀਆਂ ਸਮੱਸਿਆਵਾਂ ਬਾਰੇ ਸਮੀਖਿਆ ਕਰਦਿਆਂ ਸ੍ਰੀ ਭੋਪਾਲ ਸਿੰਘ ਖੱਦਰੀ ਨੇ ਸਮੱਸਿਆਵਾਂ ਬਾਰੇ ਸਬੰਧਤ ਅਧਿਕਾਰੀਆਂ ਅਤੇ ਸ਼ਿਕਾਇਤਕਰਤਾ ਨਾਲ ਸਿੱਧੇ ਫ਼ੋਨ 'ਤੇ ਗੱਲ ਕਰਕੇ ਵਿਸਤਾਰ ਨਾਲ ਜਾਣਕਾਰੀ ਲਈ। ਅੰਬਾਲਾ ਦੇ ਸ਼ਮਸ਼ੇਰ ਸਿੰਘ ਵੱਲੋਂ ਗ੍ਰੇਡੇਸ਼ਨ ਸਰਟੀਫਿਕੇਟ ਜਾਰੀ ਕਰਵਾਉਣ ਦੀ ਬੇਨਤੀ ਕੀਤੀ ਗਈ ਸੀ। ਜਦਕਿ ਵਿਭਾਗ ਵੱਲੋਂ ਉਸੇ ਸਮੇਂ 5 ਹੋਰ ਖਿਡਾਰੀਆਂ ਨੂੰ ਜਾਰੀ ਕਰ ਦਿੱਤੇ ਗਏ ਪਰ ਸ਼ਮਸ਼ੇਰ ਸਿੰਘ ਨੂੰ ਗ੍ਰੇਡੇਸ਼ਨ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ। ਫ਼ੋਨ 'ਤੇ ਜਾਣਕਾਰੀ ਲੈਣ ਦੌਰਾਨ ਸਪੈਸ਼ਲ ਆਫ਼ਸਰ ਨੂੰ ਜਾਣੂ ਕਰਵਾਇਆ ਗਿਆ ਕਿ ਉਨ੍ਹਾਂ ਦੇ ਮਾਮਲੇ ਵਿੱਚ ਸਬੰਧਤ ਅਧਿਕਾਰੀਆਂ ਵੱਲੋਂ ਲਾਪਰਵਾਹੀ ਵਰਤੀ ਗਈ ਹੈ।*

# ਸੈਕਟਰ 68 ਦੇ ਸਿਟੀ ਪਾਰਕ ਦੀ ਮਾੜੀ ਹਾਲਤ ਕਾਰਨ ਲੋਕ ਹੁੰਦੇ ਹਨ ਪਰੇਸ਼ਾਨ : ਪਰਵਿੰਦਰ ਕੌਰ

- ਕੌਂਸਲਰ ਨੇ ਨਗਰ ਨਿਗਮ ਦੇ ਕਮਿਸ਼ਨਰ ਨੂੰ ਪੱਤਰ ਲਿਖ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ

**ਐਸ ਏ ਐਸ ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਸੈਕਟਰ 68 ਵਿੱਚ ਸਥਿਤ ਸਿਟੀ ਪਾਰਕ ਦੀ ਹਾਲਤ ਮਾੜੀ ਹੈ। ਇੱਥੇ ਸਾਫ ਸਫਾਈ ਦਾ ਲੋੜੀਂਦਾ ਪ੍ਰਬੰਧ ਨਾ ਹੋਣ ਕਾਰਨ ਜਿੱਥੇ ਥਾਂ ਥਾਂ ਤੇ ਕੂੜੇ ਦੇ ਢੇਰ ਲੱਗ ਗਏ ਹਨ ਉੱਥੇ ਕਈ ਥਾਂਵਾਂ ਤੇ ਘਾਹ ਅਤੇ ਜੰਗਲੀ ਬੂਟੀ ਕਾਫੀ ਵੱਧ ਗਈ ਹੈ।

ਵਾਰਡ ਨੰਬਰ 27 ਦੀ ਮਿਉਂਸਪਲ ਕੌਂਸਲਰ ਕੌਂਸਲਰ ਪਰਵਿੰਦਰ ਕੌਰ ਨੇ ਦੱਸਿਆ ਕਿ ਸੈਕਟਰ 68 ਦੇ ਸਿਟੀ ਪਾਰਕ ਦੀ ਸਾਫ ਸਫਾਈ ਦਾ ਟੈਂਡਰ ਡੇਢ ਮਹੀਨੇ ਤੋਂ ਖਤਮ ਹੋ ਚੁੱਕਾ ਹੈ। ਇਸ ਕਾਰਨ ਇੱਥੇ ਸਫਾਈ ਨਾ ਹੋਣ ਕਾਰਨ ਬਹੁਤ ਬੁਰਾ ਹਾਲ ਹੈ। ਇੱਥੇ ਥਾਂ-ਥਾਂ ਕੂੜੇ ਦੇ ਢੇਰ ਲੱਗੇ ਹਨ ਅਤੇ ਕਈ-ਕਈ ਫੁੱਟ ਉੱਚੀ ਘਾਹ ਖੜ੍ਹੀ ਹੋ ਗਈ ਹੈ। ਜਿਸ ਕਾਰਨ ਕਈ ਤਰ੍ਹਾਂ ਦੇ ਜਾਨਲੇਵਾ ਮੱਛਰ ਪੈਦਾ ਹੁੰਦੇ ਹਨ।



ਇਸ ਸੰਬੰਧੀ ਉਹਨਾਂ ਵੱਲੋਂ ਨਗਰ ਨਿਗਮ ਦੇ ਕਮਿਸ਼ਨਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਸਿਟੀ ਪਾਰਕ ਦੀ ਸਾਫ ਸਫਾਈ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ ਅਤੇ ਜਦੋਂ ਤਕ ਇੱਥੋਂ ਦੀ ਸਾਂਭ ਸੰਭਾਲ ਦੇ ਨਵੇਂ ਟੈਂਡਰ ਜਾਰੀ ਨਹੀਂ ਹੁੰਦੇ ਇੱਥੇ ਸਾਫ ਸਫਾਈ ਦੇ ਬਦਲਵੇ ਪ੍ਰਬੰਧ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਇਸ ਖੇਤਰ ਦਾ ਇਕਲੌਤਾ ਵੱਡਾ ਪਾਰਕ ਹੋਣ ਕਾਰਨ ਸੈਕਟਰ 68 ਤੋਂ ਇਲਾਵਾ ਨਾਲ ਲੱਗਦੇ ਫੇਜ਼ਾਂ ਦੇ ਵਸਨੀਕ ਵੀ ਇੱਥੇ ਸੈਰ ਕਰਨ ਆਉਂਦੇ ਹਨ, ਪਰੰਤੂ ਪਾਰਕ ਵਿੱਚ ਗੰਦਗੀ ਦੀ ਭਰਮਾਰ ਹੋਣ ਕਾਰਨ ਆਮ ਲੋਕਾਂ ਦਾ ਸੈਰ ਕਰਨਾ ਵੀ ਔਖਾ ਹੋ ਗਿਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪਾਰਕ ਵਿੱਚ ਖੜ੍ਹੇ ਘਾਹ ਦੀ ਤੁਰੰਤ ਕਟਾਈ ਕੀਤੀ ਜਾਵੇ ਅਤੇ ਇੱਥੇ ਜਲਦ ਤੋਂ ਜਲਦ ਸਫਾਈ ਕਰਵਾਈ ਜਾਵੇ।

# ਫੇਜ਼ 3ਬੀ2 ਵਿੱਚ ਚੋਰੀਆਂ ਦੀ ਰੋਕਥਾਮ ਲਈ ਸੁਰਖਿਆ ਗੇਟ ਅਤੇ ਬਾਹਰਲੀਆਂ ਕੰਧਾਂ ਤੇ ਫੈਂਸਿੰਗ ਲਗਵਾਈ



**ਐਸ.ਏ.ਐਸ. ਨਗਰ, 7 ਅਕਤੂਬਰ (ਪੈ.ਗਾਮ-ਏ-ਜਗਤ)**

ਫੇਜ਼ 3 ਬੀ 2 ਦੇ ਵਾਰਡ ਨੰਬਰ 10 ਦੇ ਅਧੀਨ ਆਉਂਦੇ ਖੇਤਰ ਵਿੱਚ ਵੱਖ ਵੱਖ ਐਂਟਰੀ ਪਾਇੰਟਾਂ ਤੇ ਸੁਰਖਿਆ ਗੇਟ ਲਗਾਏ ਗਏ ਹਨ ਅਤੇ ਇਸ ਸੈਕਟਰ ਦੀ ਮੁੱਖ ਸੜਕ ਨਾਲ ਲੱਗਦੇ ਖਾਲੀ ਹਿੱਸੇ ਵਿੱਚ ਬਣੀ ਕੰਧ ਤੇ ਫੈਂਸਿੰਗ ਲਗਵਾਈ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਰਡ ਨੰਬਰ 10 ਦੇ ਕੌਂਸਲਰ ਸ੍ਰ. ਪਰਮਜੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਵਾਰਡ ਵਾਸੀਆਂ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਸ਼ਿਕਾਇਤ ਕੀਤੀ ਜਾ ਰਹੀ ਸੀ ਕਿ ਇਲਾਕੇ ਵਿੱਚ ਚੋਰੀ-ਚਕਾਰੀ ਦੀਆਂ ਘਟਨਾਵਾਂ ਵੱਧ ਗਈਆਂ ਹਨ, ਜਿਸ ਕਾਰਨ ਹਰ ਵੇਲੇ ਡਰ ਦਾ ਮਾਹੌਲ ਬਣਿਆ ਰਹਿੰਦਾ ਸੀ। ਉਹਨਾਂ ਦੱਸਿਆ ਕਿ ਵਾਰਡ ਵਾਸੀਆਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਥਾਨਕ ਵਸਨੀਕਾਂ ਦੀ ਵੈਲਫੇਅਰ ਐਸੋਸੀਏਸ਼ਨ ਅਤੇ ਨਗਰ ਨਿਗਮ ਦੇ ਸਹਿਯੋਗ ਨਾਲ ਸੁਰੱਖਿਆ ਗੇਟ ਲਗਵਾਏ ਗਏ ਹਨ ਅਤੇ ਬਾਹਰਲੀਆਂ ਕੰਧਾਂ ਤੇ ਤਾਰਾਂ ਨਾਲ ਫੈਂਸਿੰਗ ਕਰਵਾਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 3ਬੀ2 ਵਿਚਲੇ ਪਾਰਕਾਂ ਵਿੱਚ ਵੀ ਗੇਟ ਲਗਵਾਏ ਗਏ ਹਨ। ਉਨ੍ਹਾਂ ਕਿਹਾ ਕਿ ਪਾਰਕਾਂ ਵਿੱਚ ਗੇਟ ਨਾ ਹੋਣ ਕਾਰਨ ਆਵਰਾ ਕੁੱਤੇ ਆਦਿ ਪਾਰਕ ਵਿੱਚ ਦਾਖਲ ਹੋ ਜਾਂਦੇ ਸਨ। ਇਸ ਨਾਲ ਹੁਣ ਵਾਰਡ ਵਾਸੀਆਂ ਨੂੰ ਕਾਫੀ ਸਮੱਸਿਆਵਾਂ ਤੋਂ ਨਿਜਾਤ ਮਿਲੇਗੀ।



# ਪੈਨਸ਼ਨ ਯੂਨੀਅਨ ਏਟਕ ਮੁਹਾਲੀ ਦੀ ਮੀਟਿੰਗ ਆਯੋਜਿਤ

**ਐਸ ਏ ਐਸ ਨਗਰ, 7 ਅਕਤੂਬਰ ਪੈ.ਗਾਮ-ਏ-ਜਗਤ( )**

ਪੈਨਸ਼ਨ ਯੂਨੀਅਨ ਏਟਕ ਮੁਹਾਲੀ ਦੀ ਮਹੀਨਾਵਾਰ ਮੀਟਿੰਗ ਮੰਡਲ ਸਕੱਤਰ ਸ਼੍ਰੀ ਬਲਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੈਨਸ਼ਨਰਾਂ ਲਈ 2.59 ਫੈਕਟਰ, 200/- ਰੁ ਜਜ਼ੀਆ ਟੈਕਸ ਬੰਦ ਕਰਨਾ, ਮਹਿੰਗਾਈ ਭੱਤੇ ਅਤੇ ਬਕਾਏ ਦਾ ਭੁਗਤਾਨ, ਮੁਲਾਜ਼ਮਾਂ ਦੀ ਨਵੀਂ ਭਰਤੀ, ਕੰਮਿਉਟਿਡ ਪੈਨਸ਼ਨ ਦਾ ਸਮਾਂ ਘਟਾਉਣ ਅਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਫੈਡਰੇਸ਼ਨ ਏਟਕ ਦੇ ਸਾਬਕਾ ਜਨਰਲ ਸਕੱਤਰ ਸ਼੍ਰੀ ਜਗਦੀਸ਼ ਸ਼ਰਮਾ, ਸੁਰਿੰਦਰ ਪਾਲ ਸਿੰਘ ਲਹੌਰੀਆ, ਪੈਨਸ਼ਨ ਯੂਨੀਅਨ ਦੇ ਸੂਬਾ ਸਕੱਤਰ ਸ਼੍ਰੀ ਬ੍ਰਿਜਮੋਹਨ ਸ਼ਰਮਾ, ਰਜਿੰਦਰ ਸੋਹਲ, ਵਰਿਆਮ ਸਿੰਘ, ਮਨਜੀਤ ਸਿੰਘ, ਸੁਖਦੇਵ ਸਿੰਘ, ਹਰਦਿਆਲ ਸਿੰਘ, ਭੁਪਿੰਦਰ ਸਿੰਘ ਅਤੇ ਹੋਰ ਆਗੂ ਸਾਥੀਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੈਂਸ਼ਨਰ 10 ਅਕਤੂਬਰ ਨੂੰ ਸੰਗਰੂਰ ਰੈਲੀ ਅਤੇ 15 ਅਕਤੂਬਰ ਨੂੰ ਦਿੜਬਾ ਰੈਲੀ ਵਿੱਚ ਸ਼ਾਮਲ ਹੋਣਗੇ।

ਪੰਜਾਬ ਦੇ ਡੀ ਜੀ ਪੀ ਦਫਤਰ ਵਿੱਚ ਬਤੌਰ ਏ ਆਈ ਜੀ (ਸਕਿਉਰਟੀ) ਤੈਨਾਤ ਸ੍ਰ. ਮਨਧੀਰ ਸਿੰਘ, ਜਿਹਨਾਂ ਨੂੰ ਤਰੱਕੀ ਦੇ ਕੇ ਪੀ ਪੀ ਐਸ ਕੇਡਰ ਤੋਂ ਆਈ ਪੀ ਐਸ (ਪੰਜਾਬ ਕਾਡਰ) ਨਿਯੁਕਤ ਕੀਤਾ ਗਿਆ ਹੈ। ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਮਨਧੀਰ ਸਿੰਘ ਨੂੰ ਬੈਚ ਲਗਾ ਕੇ ਵਧਾਈ ਦਿੰਦੇ ਹੋਏ।

"ਪੈਗਾਮ-ਏ-ਜਗਤ"
NEWS & WEB CHANNEL
HEAD OFFICE
F 388, Industrial Area, Sector 74,
Sahibzada Ajit Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
"ਪੈਗਾਮ-ਏ-ਜਗਤ" ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

# ਮਰਨ ਉਪਰੰਤ ਅੱਖਾਂ ਦਾਨ ਕਰਵਾਈਆਂ

**ਖਰੜ, 7 ਅਕਤੂਬਰ (ਪੈ.ਗਾਮ-ਏ-ਜਗਤ)**

ਰੋਟਰੀ ਕਲੱਬ ਵੱਲੋਂ ਚਲਾਈ ਜਾ ਰਹੀ ਅੱਖਾਂ ਦਾਨ ਮੁਹਿੰਮ ਤਹਿਤ ਰੋਟਰੀ ਕਲੱਬ ਖਰੜ ਦੇ ਸਾਬਕਾ ਪ੍ਰਧਾਨ ਵਿਨੇ ਰਾਜਪੂਤ ਦੀ ਮਾਤਾ ਚੰਦਰ ਕਾਂਤਾ ਰਾਜਪੂਤ (93 ਸਾਲ) ਨਿਵਾਸੀ ਸੰਨੀ ਇਨਕਲੇਵ ਦੀਆਂ ਅੱਖਾਂ ਦਾਨ ਕਰਵਾਈਆਂ ਗਈਆਂ।



ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਆਈ ਡੋਨੇਸ਼ਨ ਮੋਟੀਵੇਟਰ ਹਰਪ੍ਰੀਤ ਸਿੰਘ ਰੇਖੀ ਨੇ ਦੱਸਿਆ ਕਿ ਰੋਟਰੀ ਕਲੱਬ ਨੂੰ ਜਾਣਕਾਰੀ ਮਿਲੀ ਸੀ ਕਿ ਸ੍ਰੀ ਵਿਨੈ ਰਾਜਪੂਤ ਦੀ ਮਾਤਾ ਦਾ ਦੇਹਾਂਤ ਹੋ ਗਿਆ ਹੈ। ਉਹਨਾਂ ਕਿਹਾ ਕਿ ਰੋਟਰੀ ਕਲੱਬ ਦੀ ਟੀਮ ਉਹਨਾਂ ਦੇ ਘਰ ਪਹੁੰਚੀ ਅਤੇ ਪਰਿਵਾਰ ਨੂੰ ਅੱਖਾਂ ਦਾਨ ਕਰਨ ਵਾਸਤੇ ਬੇਨਤੀ ਕੀਤੀ, ਜਿਸਤੇ ਪਰਿਵਾਰ ਨੇ ਮਾਨਵਤਾ ਦੇ ਇਸ ਮਹਾਨ ਕੰਮ ਲਈ ਹਾਮੀ ਭਰ ਦਿੱਤੀ। ਉਹਨਾਂ ਦੱਸਿਆ ਕਿ ਇਸ ਉਪਰੰਤ ਰੋਟਰੀ ਕਲੱਬ ਵੱਲੋਂ ਪੀ. ਜੀ. ਆਈ. ਆਈ ਬੈਂਕ ਚੰਡੀਗੜ੍ਹ ਨਾਲ ਰਾਬਤਾ ਕੀਤਾ ਗਿਆ ਜਿਸ ਉਪਰੰਤ ਸ਼ਿਵਿੰਦਰ ਕੁਮਾਰ ਰਾਏ ਦੀ ਅਗਵਾਈ ਵਿੱਚ ਆਈ ਟੀਮ ਨੇ ਸੰਨੀ ਇਨਕਲੇਵ ਪਹੁੰਚ ਕੇ ਅੱਖਾਂ ਲੈਣ ਦੀ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕੀਤਾ।

ਰੋਟਰੀ ਕਲੱਬ ਦੇ ਪ੍ਰਧਾਨ ਰਾਕੇਸ਼ ਸਚਦੇਵਾ ਤੇ ਸਕੱਤਰ ਗੁਰਮੁਖ ਸਿੰਘ ਨੇ ਦੱਸਿਆ ਕਿ ਰੋਟਰੀ ਕਲੱਬ ਮਰਨ ਉਪਰੰਤ ਪਰਿਵਾਰਾਂ ਨੂੰ ਮੋਟੀਵੇਟ ਕਰਕੇ ਹੁਣ ਤੱਕ 99 ਲੋਕਾਂ ਦੀਆਂ ਅੱਖਾਂ ਦਾਨ ਕਰਵਾ ਚੁੱਕਿਆ ਹੈ।

## ਬੱਚਿਆਂ ਦਾ ਕੋਨਾ

### ਮੰਜ਼ਿਲ ਤੱਕ ਪਹੁਚਾਓ



### ਸੁਡੋਕੂ

| | | | | | | | | |
|---|---|---|---|---|---|---|---|---|
| 8 | | | 3 | 4 | | | 7 | 6 |
| | | | | 7 | 1 | 4 | 3 | 5 |
| | 7 | 3 | | | | | 8 | 1 |
| 2 | | 9 | 7 | 6 | | | | |
| 7 | 3 | 4 | | 9 | | | | |
| | | | 1 | 3 | 2 | | | 9 |
| 5 | | 8 | | | 7 | 1 | | |
| 3 | 4 | 2 | 9 | | | | 6 | |
| 1 | | | 6 | 8 | | | | |

### ਚਿੱਤਰ ਵਿੱਚੋਂ 5 ਅੰਤਰ ਲੱਭੋ



### ਜਦੋਂ ਸ਼ੇਰ ਟਪਕੇ ਤੋਂ ਡਰ ਗਿਆ



**ਪੈ.ਗਾਮ-ਏ-ਜਗਤ**

ਇਕ ਵਾਰ ਦੀ ਗੱਲ ਹੈ, ਇਕ ਪਿੰਡ 'ਚ ਸ਼ੇਰ ਆ ਗਿਆ। ਹੁਣ ਸ਼ੇਰ ਤਾਂ ਸ਼ੇਰ ਹੁੰਦਾ ਹੈ, ਸਾਰੇ ਲੋਕ ਉਹਨੂੰ ਵੇਖ ਕੇ ਇੱਧਰ-ਉੱਧਰ ਲੁਕਣ ਲੱਗ ਪਏ। ਹੌਲੀ-ਹੌਲੀ ਸ਼ਾਮ ਹੋ ਗਈ ਅਤੇ ਮੀਂਹ ਸ਼ੁਰੂ ਹੋ ਗਿਆ।

ਮੀਂਹ ਵੀ ਇਹੋ ਜਿਹਾ ਕਿ ਪਿਛਲੇ ਦੋ-ਤਿੰਨ ਸਾਲਾਂ 'ਚ ਨਹੀਂ ਪਿਆ ਸੀ।

ਇਕ ਤਾਂ ਸ਼ੇਰ ਦੀ ਅਫਵਾਹ ਅਤੇ ਦੂਜਾ ਇਹ ਤਗੜਾ ਮੀਂਹ, ਸਾਰੇ ਲੋਕ ਗਭਰਾਹਟ 'ਚ ਆਪਣੇ ਘਰਾਂ 'ਚ ਦਬਕ ਗਏ।

ਇਸ ਗੜਬੜੀ 'ਚ ਕਿਸੇ ਦਾ ਗਧਾ ਰੱਸੀ ਤੋੜ ਕੇ ਭੱਜ ਗਿਆ!!

ਹੁਣ ਤਿੰਨ-ਤਿੰਨ ਮੁਸੀਬਤਾਂ ਆ ਪਈਆਂ—

ਇਕ ਤਾਂ ਪਿੰਡ 'ਚ ਸ਼ੇਰ ਆਇਆ ਹੋਇਆ ਸੀ।

ਦੂਜਾ ਤਗੜਾ ਮੀਂਹ ਪੈ ਰਿਹਾ ਸੀ।

ਤੀਜਾ, ਗਧਾ ਗੁੰਮ ਗਿਆ ਸੀ, ਜੇਕਰ ਸ਼ੇਰ ਨੇ ਫੜ ਲਿਆ ਤਾਂ ਰੋਜ਼ੀ-ਰੋਟੀ ਦੀ ਸਮੱਸਿਆ ਹੋ ਜਾਵੇਗੀ!

ਉਸ ਆਦਮੀ ਨੇ ਆਪਣੀ ਪਤਨੀ ਨੂੰ ਕਿਹਾ- 'ਮੈਂ ਗਧੇ ਨੂੰ ਲੱਭਣ ਜਾ ਰਿਹਾ ਹਾਂ।'

ਉਹ ਕਹਿੰਦੀ- 'ਪਿੰਡ 'ਚ ਸ਼ੇਰ ਆਇਆ ਹੋਇਆ ਹੈ, ਹੁਣ ਨਾ ਜਾਓ!' ਤਾਂ ਉਹ ਆਦਮੀ ਆਖਦਾ- 'ਸ਼ੇਰ ਤਾਂ ਕੁਝ ਵੀ ਨਹੀਂ, ਸ਼ੇਰ ਤੋਂ ਵੀ ਵੱਡਾ ਖਤਰਾ ਤਾਂ 'ਟਪਕਾ' ਦਾ ਹੈ!'

ਹੁਣ, ਮੀਂਹ ਇੰਨਾ ਤਗੜਾ ਸੀ ਕਿ ਉਹਨੂੰ ਡਰ ਸੀ ਕਿ ਕਿਤੇ ਘਰ ਦੀ ਛੱਤ ਟਪਕਣ ਕਰਕੇ ਢਹਿ ਨਾ ਜਾਵੇ।

ਇਹ ਉਸਦੇ ਲਈ ਸ਼ੇਰ ਤੋਂ ਵੀ ਵੱਡੀ ਸਮੱਸਿਆ ਸੀ!

ਤਕਦੀਰ ਨਾਲ, ਸ਼ੇਰ ਵੀ ਮੀਂਹ ਤੋਂ ਬਚਣ ਲਈ ਉਸੇ ਆਦਮੀ ਦੇ ਘਰ ਦੀ ਕੰਧ ਦੇ ਨਾਲ ਖਲੋਤਾ ਸੀ।

ਉਹ ਸ਼ੇਰ ਇਹ ਗੱਲ ਸੁਣ ਲੈਂਦਾ ਹੈ ਅਤੇ ਸੋਚਦਾ ਹੈ- 'ਇਹ 'ਟਪਕਾ' ਹੋਰ ਕਿਹੜਾ ਜੰਤੂ ਹੈ ਜੋ ਮੇਰੇ ਤੋਂ ਵੀ ਜ਼ਿਆਦਾ ਖਤਰਨਾਕ ਹੈ?'

'ਜਦੋਂ ਮਨੁੱਖ ਵੀ ਇਸ ਤੋਂ ਡਰਦੇ ਨੇ, ਤਾਂ ਮੇਰੀ ਕੀ ਪਹੁੰਚ!

ਸ਼ੇਰ ਲਈ ਤਾਂ 'ਟਪਕਾ' ਡਾਇਨਾਸੋਰ ਬਣ ਗਿਆ!

ਕੁਝ ਦੇਰ ਆਰਾਮ ਕਰਨ ਤੋਂ ਬਾਅਦ, ਤਕਰੀਬਨ 4 ਵਜੇ ਸਵੇਰੇ ਮੀਂਹ ਰੁਕ ਗਿਆ। ਉਹ ਆਦਮੀ ਲਕੜੀ (ਲਾਠੀ) ਲੈ ਕੇ ਆਪਣੇ ਗਧੇ ਨੂੰ ਲੱਭਣ ਨਿਕਲ ਪਿਆ।

ਉਸਨੇ ਵੇਖਿਆ ਕਿ ਕੰਧ ਦੀ ਓਟ 'ਚ ਕੋਈ ਜਾਨਵਰ ਖਲੋਤਾ ਸੀ।

ਉਹ ਸਮਝਿਆ ਕਿ ਇਹ ਉਸਦਾ ਗਧਾ ਹੈ, ਤੇ ਪਿੱਛੇ ਤੋਂ ਉੱਤੇ ਬੈਠਣ ਦੀ ਸੋਚੀ। ਉਸਦਾ ਗਧਾ ਥੋੜਾ ਜੰਗਲੀ ਸੀ, ਉਹਨੂੰ ਕੰਮ ਕਰਵਾਉਣ ਲਈ ਵੱਡੀਆਂ ਲਾਠੀਆਂ ਮਾਰਣੀਆਂ ਪੈਂਦੀਆਂ।

ਉਸ ਆਦਮੀ ਨੇ ਸੋਚਿਆ ਕਿ 'ਚੁਪ ਚਾਪ ਜਾ ਕੇ ਉਸ ਉੱਤੇ ਬੈਠ ਜਾਂਦਾ ਹਾਂ, ਤਾਂ ਕਿ ਇਹ ਭੱਜ ਨਾ ਸਕੇ!'

ਸ਼ੇਰ, ਜੋ ਰਾਤ ਭਰ 'ਟਪਕਾ' ਦੇ ਡਰ ਨਾਲ ਕੰਬ ਰਿਹਾ ਸੀ, ਅਚਾਨਕ ਆਦਮੀ ਨੇ ਉੱਤੇ ਬੈਠ ਕੇ ਲਾਠੀ ਮਾਰੀ- 'ਤੁਸੀਂ ਇੱਥੇ ਛੁਪ ਕੇ ਬੈਠੇ ਸੀ, ਅਸੀਂ ਤੇਰੇ ਲਈ ਪਰੇਸ਼ਾਨ ਹੋ ਰਹੇ ਸੀ!'

ਸ਼ੇਰ ਹਾਲਤ ਖ਼ਰਾਬ ਹੋ ਗਈ। ਉਸਨੂੰ ਲੱਗਾ, 'ਟਪਕਾ'** ਨੇ ਮੈਨੂੰ ਫੜ ਲਿਆ!' ਉਹ ਡਰ ਕੇ ਜੰਗਲ ਵਲ ਦੌੜ ਪਿਆ! ਸ਼ੇਰ ਨੂੰ ਹੁਣ ਸਮਝ ਆ ਗਿਆ ਸੀ ਕਿ 'ਟਪਕਾ' ਅਸਲ 'ਚ ਗਧਾ ਨਹੀਂ, ਬਲਕਿ ਉਹ ਆਦਮੀ ਹੈ।

ਪਰ ਹੁਣ, ਜੇਕਰ ਥੱਲੇ ਉਤਰਦਾ, ਤਾਂ ਉਸਦੀ ਜਾਨ ਜਾਂਦੀ।

ਉਹ ਆਦਮੀ ਹੋਰ ਜ਼ੋਰ ਨਾਲ ਲਾਠੀ ਮਾਰ ਰਿਹਾ ਸੀ।

ਸ਼ੇਰ ਨੂੰ ਇੱਕੋ ਗੱਲ ਸਮਝ ਆ ਰਹੀ ਸੀ,

'ਇਸ ਅਜੀਬ ਜੰਗੂ ਤੋਂ ਹੁਣ ਦੌੜ ਜਾਣਾ ਹੀ ਵਧੀਆ ਹੈ!'

ਸਵੇਰ ਹੋ ਗਈ, ਜਦੋਂ ਉਹ ਜੰਗਲ ਦੇ ਨੇੜੇ ਪਹੁੰਚੇ, ਉਸ ਆਦਮੀ ਨੇ ਵੇਖਿਆ ਕਿ ਇੱਕ ਵੱਡਾ ਬੋਹੜ ਦਾ ਰੁੱਖ ਹੈ, ਜਿਸ ਦੀਆਂ ਲਟਾਂ ਲਟਕ ਰਹੀਆਂ ਹਨ। ਉਹਨੂੰ ਬੋਹੜ ਦੇ ਰੁੱਖ ਦੀ ਲਟ ਫੜੀ ਅਤੇ ਉੱਤੇ ਚੜ੍ਹ ਗਿਆ। ਅਤੇ, 'ਟਪਕੇ' ਨੇ ਸ਼ੇਰ ਤੋਂ, ਅਤੇ ਸ਼ੇਰ ਨੇ 'ਟਪਕੇ' ਤੋਂ ਮੁਕਤੀ ਪਾ ਲਈ!

**ਸਿੱਖਿਆ : 'ਅਸਲ ਭੈ ਹਮੇਸ਼ਾ ਉਹ ਨਹੀਂ ਹੁੰਦਾ ਜੋ ਸਾਡੇ ਸਾਹਮਣੇ ਹੈ, ਪਰ ਉਹ ਜੋ ਅਸੀਂ ਆਪਣੇ ਮਨ ਵਿੱਚ ਬਣਾ ਲੈਂਦੇ ਹਾਂ।**

**ਡਰ ਤੋਂ ਵੱਡਾ ਡਰ, ਡਰ ਦਾ ਭਾਵਨਾ ਆਪ ਹੀ ਹੁੰਦੀ ਹੈ!**